# ਅੰਮ੍ਰਿਤ ਕੀਰਤਨ

ਅਪਰੈਲ 2016

**Posting Date**
**01 ਅਪਰੈਲ 2016**



ਭਾਈ ਪਿਆਰਾ ਸਿੰਘ ਜੀ



ਭਾਈ ਜਸਵੰਤ ਸਿੰਘ ਜੀ

## ਸਨਮਾਨਿਤ ਕੀਰਤਨੀਏ



ਭਾਈ ਹਰੀ ਸਿੰਘ ਜੀ




ਪ੍ਰੋ: ਕਰਤਾਰ ਸਿੰਘ ਜੀ

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-

# ਸ਼ੁੱਕਰਵਾਰ

ਸ਼ੁੱਕਰਵਾਰ ਕਰੀਏ ਸਦਾ ਸ਼ੁਕਰ ਉਹਦਾ,
ਜਿਸ ਮੂਰਖਾਂ ਵਲ ਧਿਆਨ ਦਿੱਤਾ।
ਸਾਡੇ ਪਾਸ ਨਾਹੀਂ ਕੋਈ ਗੁਣ ਹੈਸੀ,
ਮਿਹਰ ਕਰ ਸਾਈਂ, ਗੁਣਵਾਨ ਕੀਤਾ।
ਖਿੜਿਆ ਬਾਗ਼ ਪਰਿਵਾਰ ਹੈ ਆਪ ਸਦਕੇ,
ਭੈਣਾਂ ਭਾਈਆਂ ਤਾਈਂ ਇਕ ਜਾਨ ਕੀਤਾ।
ਨਿੰਦਿਆ ਚੁਗਲੀ ਜੇਕਰ ਵਰਜ ਦੇਈਏ,
ਪਾਠ ਪੂਜਾ ਨੂੰ ਬਹੁਤ ਮਹਾਨ ਕੀਤਾ।
ਨਾਲ ਪਿਆਰ ਮੁਹੱਬਤਾਂ ਵਧਦੀਆਂ ਨੇ,
ਘਰੋਂ ਖੁਦੀ ਬਖ਼ੀਲੀ ਰਵਾਨ ਕੀਤਾ।
ਭਾਗ ਆਪਣੇ ਆਪ ਨੇ ਕਿਸੇ ਲੈਣੇ,
ਦੂਜੇ ਤਾਈਂ ਤਾਂ ਨਾਹੀਂ ਵੀਰਾਨ ਕੀਤਾ।
ਜਿਸ ਥਾਲੀ ਵਿਚ ਮਿਲ ਕੇ ਬੈਠ ਖਾਈਏ,
ਕਦੇ ਉਸਦਾ ਨਹੀਂ ਨੁਕਸਾਨ ਕੀਤਾ।
ਵਕਤ ਨਾਲ ਹੀ ਆਂਵਦੇ ਦਿਨ ਚੰਗੇ,
ਕਾਹਨੂੰ ਈਰਖਾ ਮਨ ਹੈਰਾਨ ਕੀਤਾ।
"ਨਿੰਦਾ ਭਲੀ ਕਿਸੈ ਕੀ ਨਾਹੀਂ
ਮਨਮੁਖ ਮੁਗਧ ਕਰੰਨਿ॥
ਮੁਹ ਕਾਲੇ ਤਿਨਾ ਨਿੰਦਕਾ
ਨਰਕੇ ਘੋਰਿ ਪਵੰਨਿ॥ "
ਮਿਹਰ ਕੀਤੀ ਹੈ ਕਾਦਰ ਕਰਤਾਰ ਮੇਰੇ,
ਨਾਹੀਂ ਉਸਦਾ ਅਜੇ ਬਿਆਨ ਕੀਤਾ।
ਲੀਲਾ ਵੇਖ ਕੇ ਉਹਦੀ ਅਸਚਰਜ ਹੋਈਏ,
ਜਿਸ ਨੀਵਿਆਂ ਤਾਈਂ ਮਹਾਨ ਕੀਤਾ।
ਨੌਕਰ ਚਾਕਰਾਂ ਦੀ ਬਹੁਤਾਤ ਦੇਖੋ,
ਫੈਕਟਰੀਆਂ ਤਾਈਂ ਚਲਾਣ ਕੀਤਾ।
ਦਫ਼ਤਰ ਵਾਸੀਆਂ ਦਾ ਘਸਮਾਨ ਵੇਖੋ,
ਜਿਨ੍ਹਾਂ ਕਾਰ ਵਿਹਾਰ ਰਵਾਨ ਕੀਤਾ।
ਕੰਮ ਕਰਨ ਵਾਲੇ ਵਿਚ ਫੈਕਟਰੀਆਂ ਦੇ,
ਕਦੇ ਉਹਨਾਂ ਦਾ ਨਾਹੀਂ ਮੀਜ਼ਾਨ ਕੀਤਾ।
ਮਾਹ ਬਾਦ ਵੇਖੋ ਪਤਾ ਲਗਦਾ ਏ
ਤਨਖਾਹ ਦੇਣ ਦਾ ਜਦੋਂ ਭੁਗਤਾਨ ਕੀਤਾ।
ਜਦੋਂ ਮਿਹਰ ਹੋਈ ਕਰਤਾਰ ਵੱਲੋਂ
ਤਦੋਂ ਬੰਦਿਆਂ ਨੂੰ ਸੂਝਵਾਨ ਕੀਤਾ
ਜਿੱਧਰ ਦੇਖੀਏ ਹੈਰਤਾਂ ਦਿਸਦੀਆਂ ਨੇ,
ਮੇਰੇ ਪ੍ਰਭੂ ਨੇ ਆਪੇ ਕਲਿਆਣ ਕੀਤਾ।
ਸੰਤੋਖ ਕੁਝ ਨਾਹੀਂ ਅਸੀਂ ਕਹਿਣ ਜੋਗੇ,
ਜੋ ਕੁਝ ਕੀਤਾ ਹੈ ਮੇਰੇ ਭਗਵਾਨ ਕੀਤਾ।



**ਪੁਸਤਕ –ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

### ਚੰਦੇ ਦਾ ਵੇਰਵਾ

- ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- 'ਅੰਮ੍ਰਿਤ ਕੀਰਤਨ' ਲਈ ਡਰਾਫਟ


ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ ਫੋਨ : 0172-2216283, 98150-72197ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਕਰਉ ਬੇਨੰਤੀਆ : ਪ੍ਰਭ ਡੋਰੀ ਹਾਥ ਤੁਮਾਰੇ 4

**ਮਿਤ੍ਰ ਅਸਾਡੜੇ ਸੇਈ** **5**

ਭਾਈ ਪਿਆਰਾ ਸਿੰਘ ਪਟਿਆਲਾ 7
ਭਾਈ ਅਵਤਾਰ ਸਿੰਘ ਹੰਸ (ਪ੍ਰਿੰਸੀਪਲ)

ਗੁਰਮਤਿ ਸੰਗੀਤ ਵਿਚ ਤਾਲ ਦਾ ਮਹੱਤਵ
ਡਾ. ਪਰਮਜੀਤ ਸਿੰਘ 19

**THE EMINENCE OF VOICE CULTURE** **21**


### ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈੱਸ ਰੈਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ Return ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇ ਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾ ਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302, IFSC:STBP0000240 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐੱਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।
Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 now valid in perpetuity.

# ਕਰਉ ਬੇਨੰਤੀਆ

## ਪ੍ਰਭ ਡੋਰੀ ਹਾਥ ਤੁਮਾਰੇ

ਜਦੋਂ ਵੀ ਸ਼ਬਦ- ਪ੍ਰਭ ਡੋਰੀ ਹਾਥ ਤੁਮਾਰੇ – ਸੁਣਦੇ ਜਾਂ ਗਾਉਂਦੇ ਹਾਂ ਉਦੋਂ ਭਾਈ ਪਿਆਰਾ ਸਿੰਘ ਜੀ ਦਾ ਨਾਮ ਯਾਦ ਆ ਜਾਂਦਾ ਹੈ। ਕਿਸੇ ਸਮੇਂ ਇਸ ਸ਼ਬਦ ਦੀ ਰੀਤ ਭਾਈ ਪਿਆਰਾ ਸਿੰਘ ਜੀ ਦੇ ਨਾਮ ਨਾਲ ਜੁੜ ਗਈ ਸੀ। ਦਰਬਾਰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀਆਂ ਸੰਗਤਾਂ ਉਚੇਚੇ ਤੌਰ ਤੇ ਇਸ ਸ਼ਬਦ ਨੂੰ ਸੁਣਨ ਦੀ ਮੰਗ ਕਰਦੀਆਂ ਸਨ।ਰੇਡੀਓ ਤੋਂ ਗੁਰਬਾਣੀ ਵਿਚਾਰ ਪ੍ਰੋਗਰਾਮ ਵਿੱਚ ਵੀ ਇਹ ਸ਼ਬਦ ਆਮ ਸਰਵਣ ਕਰਵਾਇਆ ਜਾਂਦਾ ਸੀ। ਭਾਈ ਪਿਆਰਾ ਸਿੰਘ ਜੀ ਦਰਬਾਰ ਸਾਹਿਬ ਦੇ ਟਕਸਾਲੀ ਕੀਰਤਨਕਾਰਾਂ ਵਿੱਚੋਂ ਇੱਕ ਸਨ। ਉਹਨਾਂ ਬਾਰੇ ਅੰਮ੍ਰਿਤ ਕੀਰਤਨ ਦੇ ਇਸ ਅੰਕ ਵਿੱਚ ਵਿਸ਼ੇਸ਼ ਸਮੱਗਰੀ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ । ਇਸ ਸਮਗਰੀ ਨੂੰ ਵਿਸ਼ੇਸ਼ ਤੌਰ ਤੇ ਭਾਈ ਅਵਤਾਰ ਸਿੰਘ ਹੰਸ ਸੰਗਰੂਰ ਵਾਲਿਆਂ ਨੇ ਤਿਆਰ ਕੀਤਾ ਹੈ। ਇਹ ਹੋਰ ਵੀ ਪ੍ਰਸੰਨਤਾ ਵਾਲੀ ਗੱਲ ਹੈ ਕਿ ਇਸ ਵਾਰ ਭਾਸ਼ਾ ਵਿਭਾਗ ਪੰਜਾਬ ਵੱਲੋਂ ਭਾਈ ਪਿਆਰਾ ਸਿੰਘ ਜੀ ਦੇ ਸਪੁੱਤਰ ਭਾਈ ਜਸਵੰਤ ਸਿੰਘ ਜੀ ਨੂੰ ਸ਼੍ਰੋਮਣੀ ਰਾਗੀ ਅਵਾਰਡ ਪ੍ਰਦਾਨ ਕੀਤਾ ਹੈ।ਭਾਈ ਜਸਵੰਤ ਸਿੰਘ ਜੀ ਨੇ ਭਾਈ ਪਿਆਰਾ ਸਿੰਘ ਜੀ ਦੇ ਕੀਰਤਨ ਦੀ ਸ਼ੈਲੀ ਨੂੰ ਬੜੀ ਨਿਸ਼ਟਾ ਨਾਲ ਦਰਬਾਰ ਸਾਹਿਬ ਵਿੱਚ ਗਾਇਨ ਕੀਤਾ ਹੈ।ਇਸ ਦੇ ਨਾਲ ਭਾਈ ਪਿਆਰਾ ਸਿੰਘ ਜੀ ਦੇ ਸਮਕਾਲੀ ਕੀਰਤਨੀਏ ਭਾਈ ਹਰੀ ਸਿੰਘ ਜੀ ਨੂੰ ਸ਼੍ਰੋਮਣੀ ਰਾਗੀ ਅਵਾਰਡ ਪ੍ਰਾਪਤ ਹੋਇਆ ਹੈ।ਭਾਈ ਹਰੀ ਸਿੰਘ ਜੀ ਨੇ ਬਹੁਤ ਲੰਮਾ ਸਮਾਂ ਦਰਬਾਰ ਸਾਹਿਬ ਵਿੱਚ ਕੀਰਤਨ ਦੀ ਸੇਵਾ ਕੀਤੀ ਹੈ। ਆਪ ਦੇ ਕੀਰਤਨ ਵਿੱਚ ਟਕਸਾਲੀ ਪਰਪੱਕਤਾ, ਸਾਦਗੀ ਅਤੇ ਨਿਰਮਲਤਾ ਦਾ ਪ੍ਰਭਾਵ ਰਿਹਾ ਹੈ। ਆਪ ਨੇ ਆਪਣੇ ਜੀਵਨ ਵਿੱਚ ਵੀ ਟਕਸਾਲੀ ਕੀਰਤਨੀਆਂ ਵਾਲੀ ਗੰਭੀਰਤਾ ਅਤੇ ਨਿਰਛਲਤਾ ਨੂੰ ਕਾਇਮ ਰੱਖਿਆ ਹੈ।ਅਜਿਹੇ ਕੀਰਤਨੀਆਂ ਦੇ ਹੁਣ ਦੇ ਜੀਵਨ ਨੂੰ ਵੇਖਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਕਰਨ ਨੂੰ ਮਨ ਕਰਦਾ ਹੈ ਕਿ ਇਹਨਾਂ ਬਜ਼ੁਰਗ ਕੀਰਤਨੀਆਂ ਦੀ ਸੰਭਾਲ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਣ। ਤਾ ਉਮਰ ਪੈਨਸ਼ਨ ਦੇ ਨਾਲ ਨਾਲ ਨੇੜਲੇ ਗੁਰਦੁਆਰਾ ਸਾਹਿਬਾਨ ਵਿੱਚ ਗੁਰਮਤਿ ਸੰਗੀਤ ਅਕੈਡਮੀਆਂ ਸਥਾਪਤ ਕਰਕੇ ਇਹਨਾਂ ਕੀਰਤਨੀਆਂ ਨੂੰ ਅਧਿਆਪਕ ਨਿਯੁਕਤ ਕਰ ਦਿੱਤਾ ਜਾਵੇ। ਇਸ ਨਾਲ ਜਿਥੇ ਟਕਸਾਲੀ ਕੀਰਤਨ ਦਾ ਵਿਸਤਾਰ ਹੋਵੇਗਾ ਉੱਥੇ ਇਹਨਾਂ ਕੀਰਤਨੀਆਂ ਦਾ ਸੰਗਤਾਂ ਵਿੱਚ ਮਾਣ ਸਤਿਕਾਰ ਵੀ ਬਣਿਆ ਰਹੇਗਾ। ਨਹੀਂ ਤਾਂ ਬਹੁਤ ਸਾਰੇ ਕੀਰਤਨੀਏ ਰਿਟਾਇਰ ਹੋਣ ਤੋਂ ਬਾਅਦ ਗੁੰਮਨਾਮੀ ਅਤੇ ਤ੍ਰਿਸਕਾਰ ਭਰਿਆ ਜੀਵਨ ਜੀਉਣ ਲਈ ਮਜਬੂਰ ਹੋ ਜਾਂਦੇ ਹਨ। ਪ੍ਰੋਫੈਸਰ ਕਰਤਾਰ ਸਿੰਘ ਜੀ ਡਾਇਰੈਕਟਰ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਨੂੰ ਸ਼੍ਰੋਮਣੀ ਰਾਗੀ ਅਵਾਰਡ ਦੇ ਕੇ ਭਾਸ਼ਾ ਵਿਭਾਗ ਨੇ ਆਪਣਾ ਮਾਣ ਵਧਾਇਆ ਹੈ। ਪ੍ਰੋਫੈਸਰ ਸਾਹਿਬ ਨੂੰ ਪਹਿਲਾਂ ਹੀ ਸੰਗੀਤ ਨਾਟਕ ਅਕੈਡਮੀ ਵੱਲੋਂ ਰਾਸ਼ਟਰਪਤੀ ਦੁਆਰਾ ਸਨਮਾਨਿਤ ਕੀਤਾ ਜਾ ਚੁਕਾ ਹੈ।ਅਤੇ ਆਪ ਨੂੰ ਲੰਡਨ ਦੀ ਸੰਸਥਾ ਵੱਲੋਂ ਅੰਤਰਰਾਸ਼ਟਰੀ ਅਵਾਰਡ ਵੀ ਪ੍ਰਾਪਤ ਹੋ ਚੁਕਾ ਹੈ। ਅਸੀਂ ਸਾਰੇ ਇਹਨਾਂ ਦੀ ਵਿਦਵਤਾ ਅੱਗੇ ਸਿਰ ਝੁਕਾਉਂਦੇ ਹਾਂ। ਉਪਰੋਕਤ ਬਜ਼ੁਰਗ ਕੀਰਤਨੀਆਂ ਨੂੰ ਸਨਮਾਨਿਤ ਕਰਨ ਲਈ ਭਾਸ਼ਾ ਵਿਭਾਗ ਅਤੇ ਵਿਦਵਾਨ ਚੋਣਕਾਰਾਂ ਦਾ ਧੰਨਵਾਦ ਕਰਦੇ ਹਾਂ।

# ✉ ਮਿਤ੍ਰ ਅਸਾਡੜੇ ਸੇਈ

'ਅੰਮ੍ਰਿਤ ਕੀਰਤਨ' ਹਰ ਮਹੀਨੇ ਮਾਸਕ ਵਰਿਆਮ ਦੇ ਦਫਤਰ ਪਹੁੰਚਦਾ ਹੈ। ਦਾਸ ਇਸ ਦਫਤਰ ਵਿਚ ਇਕ ਸੇਵਾਦਾਰ ਦੇ ਤੌਰ 'ਤੇ ਕੰਮ ਕਰਦਾ ਹੈ। ਸੰਪਾਦਕ ਸਾਹਿਬ ਦੇ ਪੜ੍ਹਨ ਤੋਂ ਬਾਅਦ ਮੈਨੂੰ ਵੀ ਅੰਮ੍ਰਿਤ ਕੀਰਤਨ ਪੜ੍ਹਨ ਦਾ ਮੌਕਾ ਮਿਲ ਜਾਂਦਾ ਹੈ। ਅੰਮ੍ਰਿਤ ਕੀਰਤਨ ਵਿਚੋਂ ਸੰਗੀਤ ਤੇ ਸੰਗੀਤਕਾਰਾਂ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਗੁਰਬਾਣੀ ਵਿਚ ਹਰ ਸ਼ਬਦ ਕਿਸੇ ਨਾ ਕਿਸੇ ਰਾਗ 'ਤੇ ਆਧਾਰਤ ਹੈ। ਤੁਸੀਂ ਹਰ ਅੰਕ ਵਿਚ ਇਕ ਨਵੇਂ ਰਾਗ ਬਾਰੇ ਦਸਦੇ ਹੋ। ਉਸਦੀਆਂ ਅਰੋਹ ਅਤੇ ਅਵਰੋਹ ਦੀਆਂ ਸੁਰਾਂ ਵੀ ਇਕ ਟੇਬਲ ਵਿਚ ਬਣਾ ਕੇ ਕੇ ਦਸਦੇ ਹੋ। ਇਕ ਮਾਮੂਲੀ ਜਿਹੇ ਸੰਗੀਤ ਦਾ ਸ਼ੌਕ ਰੱਖਣ ਵਾਲੇ ਨੂੰ ਵੀ ਰਾਗ ਦੇ ਸੁਰਾਂ ਦੀ ਜਾਣਕਾਰੀ ਹਾਸਲ ਹੋ ਜਾਂਦੀ ਹੈ।ਏਨਾ ਹੀ ਨਹੀਂ, ਤੁਸੀਂ ਕਿਸੇ ਰਾਗੀ ਬਾਰੇ ਵੀ ਜਾਣਕਾਰੀ ਦਿੰਦੇ ਹੋ। ਗੁਰਬਾਣੀ ਦੇ ਸ਼ਬਦਾਂ ਵਿਚ ਲੱਗੀਆਂ ਲਗਾ ਮਾਰਤਾਂ ਬਾਰੇ ਵੀ ਉਹਨਾਂ ਦੇ ਅਰਥ ਦਸਦੇ ਹੋ।

ਫਰਵਰੀ ਅੰਕ ਵਿਚ ਹਰ ਵਾਰ ਦੀ ਤਰ੍ਹਾਂ ਟਾਈਟਲ ਦੇ ਅੰਦਰ ਗੁੱਝੀਆਂ ਰਮਜ਼ਾਂ ਵਿਚ ਸੰਤ ਸੰਤੋਖ ਸਿੰਘ ਦੀ ਕਵਿਤਾ ਬੁੱਧਵਾਰ ਬਹੁਤ ਹੀ ਵਧੀਆ ਦੀ ਰਚਨਾ ਹੈ।

ਕਰਉ ਬੇਨੰਤੀਆਂ ਸੰਪਾਦਕੀ ਵਿਚ ਇਕ ਕਥਨ – "ਜਦੋਂ ਕਿਸੇ ਨੇੜਲੇ ਦਾ ਦੇਹਾਂਤ ਹੁੰਦਾ ਹੈ ਤਾਂ ਮਨ ਵਿਚ ਖਿਆਲ ਆਉਂਦਾ ਹੈ ਇਹ ਨਹੀਂ ਸੀ ਹੋਣਾ ਚਾਹੀਦਾ।" ਆਪ ਜੀ ਵੱਲੋਂ ਲਿਖਿਆ ਚੰਗਾ ਲੱਗਾ। ਇਕ ਹੋਰ ਕਥਨ– "ਇਕ ਵਿਅਕਤੀ ਦੇ ਜ਼ਰੀਏ ਤੁਸੀਂ ਕਿਵੇਂ ਅਨੇਕ ਵਿਅਕਤੀਆਂ ਦੇ ਸੰਪਰਕ ਵਿਚ ਆ ਜਾਂਦੇ ਹੋ ਅਤੇ ਅੱਗੇ ਤੋਂ ਅੱਗੇ ਕਈ ਰਿਸ਼ਤੇ ਜੁੜਦੇ ਜਾਂਦੇ ਹਨ। ਮੇਰੇ ਇਕ ਮਿੱਤਰ ਸ: ਅਜੀਤਪਾਲ ਸਿੰਘ ਮਾਂਗਟ ਇਸ ਨੂੰ ਆਧੁਨਿਕ ਮੁਹਾਵਰੇ ਵਿਚ ਨੈਟਵਰਕ ਕਹਿੰਦੇ ਹਨ। ਉਹਨਾਂ ਅਨੁਸਾਰ ਮਾਤਾ ਪਿਤਾ ਦਾਦਕੇ ਨਾਨਕੇ ਤਾਂ ਪਰਮਾਤਮਾ ਸਾਨੂੰ ਦਿੰਦਾ ਹੈ, ਪਰ ਬਾਕੀ ਸਾਰਾ ਸਮਾਜਿਕ ਤਾਣਾ-ਬਾਣਾ ਤੁਸੀਂ ਆਪ ਆਪਣੀ ਸਮਰਥਾ ਅਨੁਸਾਰ ਸਥਾਪਤ ਕਰਦੇ ਹੋ।" ਦੇ ਬੜੇ ਡੂੰਘੇ ਅਰਥ ਹਨ।

ਗੁਰਮਤਿ ਸੰਗੀਤ ਵਿਚ ਰਹਾਉ ਦਾ ਮਹੱਤਵ ਲੇਖ ਵਿਚ ਡਾ. ਗੁਰਨਾਮ ਸਿੰਘ ਨੇ ਰਹਾਉ ਬਾਰੇ ਜਾਣਕਾਰੀ ਦਿੱਤੀ ਹੈ ਕਿ ਇਸ ਦਾ ਸਹੀ ਅਰਥ ਕੀ ਹੈ? ਉਹਨਾਂ ਕੀਰਤਨ ਕਰਨ ਵਾਲੇ ਰਾਗੀਆਂ ਨੂੰ ਹਦਾਇਤ ਕੀਤੀ ਹੈ ਕਿ ਰਹਾਉ ਵਾਲੀ ਤੁਕ ਨੂੰ ਹੀ ਟੇਕ ਸਮਝਣਾ ਚਾਹੀਦਾ ਹੈ। ਜਿਵੇਂ ਉਹਨਾਂ ਰਾਗ ਧਨਾਸਰੀ ਵਿਚ ਰਹਾਉ ਵਾਲੀ ਤੁਕ 'ਹਰਿ ਜਨ ਰਾਖੇ ਗੁਰ ਗੋਵਿੰਦੁ। ਕੰਠ ਲਾਇ ਅਵਗੁਣ ਸਭਿ ਮੇਟੇ ਦਇਆਲ ਪੁਰਖ ਬਖਸੰਦ॥ ਰਹਾਉ॥ ਹੈ। ਪਰ ਬਹੁਤ ਕੀਰਤਨੀਏ "ਜੋ ਮਾਗਹਿ ਠਾਕੁਰ ਅਪਨੇ ਤੇ ਸੋਈ ਸੋਈ ਦੇਵੇ ਹੀ ਗਈ ਜਾਂਦੇ ਹਨ।

ਭਾਈ ਗੁਰਮੀਤ ਸਿੰਘ ਜੋਸ਼ ਨੇ ਇਕ ਨਵੇਂ ਸਟਾਈਲ ਨਾਲ ਕਵਿਤਾ ਦੇ ਰੂਪ ਵਿਚ ਭਾਈ ਕਰਮ ਸਿੰਘ ਰਤਨ ਦੀ ਜੀਵਨੀ ਲਿਖੀ ਹੈ, ਪੜ੍ਹਿਆਂ ਰਤਨ ਜੀ ਦੇ ਜੀਵਨ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ।

ਆਖਰ ਵਿਚ ਆਪ ਜੀ ਵੱਲੋਂ ਲਿਖਿਆ ਮੂਲ ਮੰਤਰ ਦਾ ਸਹੀ ਅਰਥ ਪਤਾ ਲੱਗਿਆ। ਮੂਲ ਮੰਤਰ ਦਾ ਪਹਿਲਾ ਅੱਖਰ ੧ ਹੈ। ਇਸ ੧ ਦੇ ਵਿਸ਼ਾਲ ਅਰਥ ਹੈ। ਕੁਝ ਵਿਦਵਾਨਾਂ ਅਨੁਸਾਰ ਇਕ ਏਕਾ ਸੁੰਨ ਤੋਂ ਵਿਕਸਤ ਹੋਇਆ ਹੈ। ਪਰ ਇਹ ਵਿਚਾਰ ਸਿੱਖੀ ਦੇ ਅਨੁਸਾਰ ਨਹੀਂ। ਸਿੱਖ ਧਰਮ ਵਿਚ ਸੱਚ ਨੂੰ ਸਰਬਕਾਲਿਕ ਦੱਸਿਆ ਗਿਆ ਹੈ।

ਆਦਿ ਸਚੁ॥ ਜੁਗਾਦਿ ਸਚੁ॥ ਹੈ ਭੀ ਸਚੁ॥ ਨਾਨਕ ਹੋਸੀ ਭੀ ਸਚੁ॥

ਇਸ ਲਈ ੧ ਸੁੰਨ ਤੋਂ ਵਿਕਸਤ ਹੋਇਆ ਨਹੀਂ ਮੰਨਿਆ ਜਾ ਸਕਦਾ।

ਗੁਰੂ ਸਾਹਿਬਾਨ ਨੇ ਪਰਮਾਤਮਾ ਨੂੰ ਇਕ ਮੰਨਿਆ ਹੈ। ਨਿਰਗੁਣ ਆਪ ਸਰਗੁਣ ਭੀ ਉਹੀ॥

ਸਾਰਾ ਲੇਖ ਪੜ੍ਹ ਕੇ ਮਨ ਬੜਾ ਖੁਸ਼ ਹੋਇਆ ਤੇ ਅਗਲੀ ਕਿਸ਼ਤ ਪੜ੍ਹਨ ਦੀ ਉਤਸੁਕਤਾ ਜਾਗੀ ਹੈ।

ਟਾਈਟਲ ਦੇ ਆਖਰ ਅੰਦਰਲੇ ਸਫੇ ਤੇ ਰਾਗ ਬੈਗੜੀ ਮਹਲਾ ੫ ਘਰ ੧ ਵਾਲਾ ਸ਼ਬਦ -ਸੰਤ ਜਨਾ ਮਿਲ ਹਰਿ ਜਸ ਗਾਇਓ" ਸਾਨੂੰ ਸਵੇਰੇ ਮਿਡਲ ਸਕੂਲ ਪਲਾਹੀ ਵਿਖੇ ਪ੍ਰਾਰਥਨਾ ਵਜੋਂ ਗਵਾਇਆ ਜਾਂਦਾ ਸੀ, ਜੋ ਹੁਣ ਤਕ ਜ਼ੁਬਾਨੀ ਯਾਦ ਹੈ। ਗੁਰਬਾਣੀ ਨਾਲ ਪ੍ਰੇਮ ਹੋਣ ਕਰਕੇ ਜਦੋਂ ਪਹਿਲੀ ਪਾਤਸ਼ਾਹੀ ਜਾਂ ਦਸਵੀਂ ਪਾਤਸ਼ਾਹੀ ਦੇ ਗੁਰਪੁਰਬ ਆਉਂਦੇ ਹਨ। ਪ੍ਰਭਾਤ ਫੇਰੀ ਵੇਲੇ ਸਿਧੀ ਧਾਰਨਾ ਰਾਹੀਂ ਸਭ ਸੰਗਤਾਂ ਨਾਲ ਮਿਲ ਕੇ ਗਾਈਦਾ ਹੈ। ਬੜਾ ਆਨੰਦ ਆਉਂਦਾ ਹੈ।ਬਸ ਏਨਾ ਹੀ....

**ਬਲਦੇਵ ਮਾਧੋਪੁਰੀ, ਪਿੰਡ ਤੇ ਡਾਕ: ਮਾਧੋਪੁਰ (ਫਗਵਾੜਾ)**



# ਸਨਮਾਨ ਪੱਤਰ

PUNJABI UNIVERSITY PATIALA

## ਭਾਈ ਪਿਆਰਾ ਸਿੰਘ ਜੀ ਗੁਰਮਤਿ ਸੰਗੀਤ ਘਰਾਣਾ

ਗੁਰਮਤਿ ਸੰਗੀਤ ਦੇ ਪ੍ਰਸਿਧ ਕੀਰਤਨੀਏ ਭਾਈ ਪਿਆਰਾ ਸਿੰਘ ਜੀ ਦਾ ਗੁਰਮਤਿ ਸੰਗੀਤ ਘਰਾਣਾ ਪਿਛਲੇ ਇਕ ਸਦੀ ਤੋਂ ਵਧੀਕ ਸ਼ਬਦ ਕੀਰਤਨ ਦੇ ਖੇਤਰ ਵਿਚ ਕਾਰਜਸ਼ੀਲ ਹੈ। ਇਸ ਘਰਾਣੇ ਵਿਚ ਭਾਈ ਪਿਆਰਾ ਸਿੰਘ, ਉਨ੍ਹਾਂ ਦੇ ਪਿਤਾ ਭਾਈ ਪੰਜਾਬ ਸਿੰਘ, ਭਰਾਤਾ ਭਾਈ ਕਿਰਪਾਲ ਸਿੰਘ ਪ੍ਰਸਿੱਧ ਕੀਰਤਨੀਏ ਰਹੇ। ਭਾਈ ਪਿਆਰਾ ਸਿੰਘ ਨੇ ਆਪਣੇ ਪਿਤਾ ਜੀ ਤੋਂ ਇਲਾਵਾ ਪ੍ਰਸਿਧ ਕੀਰਤਨੀਏ ਸੰਤ ਸੁਜਾਨ ਸਿੰਘ ਜੀ ਤੋਂ ਤਾਲੀਮ ਵੀ ਪ੍ਰਾਪਤ ਕੀਤੀ। ਭਾਈ ਪਿਆਰਾ ਸਿੰਘ ਦੇ ਸਪੁੱਤਰਾਂ ਵਿਚੋਂ ਭਾਈ ਜਸਵੰਤ ਸਿੰਘ, ਭਾਈ ਮਨਜੀਤ ਸਿੰਘ, ਭਾਈ ਜਗਦੀਪ ਸਿੰਘ ਅਤੇ ਭਾਈ ਸਤਿਬੀਰ ਸਿੰਘ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਵਜੋਂ ਸਤਿਕਾਰੇ ਜਾਂਦੇ ਹਨ। ਇਸ ਘਰਾਣੇ ਨੇ ਪੰਜ ਦਹਾਕਿਆਂ ਤੋਂ ਵੱਧ ਸਮਾਂ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਦੀ ਸੇਵਾ ਕੀਤੀ ਜੋ ਵਰਤਮਾਨ ਸਮੇਂ ਵੀ ਜਾਰੀ ਹੈ। ਇਸ ਘਰਾਣੇ ਦੀਆਂ ਕਈ ਸ਼ਬਦ ਰੀਤਾਂ ਕੀਰਤਨ ਪ੍ਰੇਮੀਆਂ ਦੀ ਸਿਮ੍ਰਤੀ ਦਾ ਅਨਿਖੜ ਹਿੱਸਾ ਹਨ। ਹੋਰਨਾਂ ਤੋਂ ਇਲਾਵਾ 'ਜੀਅ ਜੰਤ ਤੇਰੇ ਧਾਰੇ ਪ੍ਰਭ ਡੋਰੀ ਹਾਥਿ ਤੁਮਾਰੇ' ਆਪ ਜੀ ਦੇ ਘਰਾਣੇ ਦੀ ਪ੍ਰਸਿਧ ਸ਼ਬਦ ਰੀਤ ਹੈ। ਭਾਈ ਪਿਆਰਾ ਸਿੰਘ ਜੀ ਦੇ ਘਰਾਣੇ ਦੀਆਂ ਹੋਰ ਸ਼ਬਦ ਕੀਰਤਨ ਰੀਤਾਂ ਪਰਸਾਰ ਭਾਰਤੀ, ਪੋਲੀਡੋਰ ਅਤੇ ਐਚ.ਐਮ.ਵੀ. ਕੰਪਨੀ ਦੀਆਂ ਰਿਕਾਰਡਿੰਗਜ਼ ਵਜੋਂ ਸੁਰੱਖਿਅਤ ਹਨ। ਸ਼ਬਦ ਕੀਰਤਨ ਦੀ ਪਰੰਪਰਾਗਤ ਸ਼ੈਲੀ, ਕੰਠ ਸਾਧਨਾ, ਰਿਆਜ਼ ਅਤੇ ਬਾਣੀ ਅਭਿਆਸ ਇਸ ਘਰਾਣੇ ਦੀ ਵਿਸ਼ੇਸ਼ਤਾ ਹੈ।

ਭਾਈ ਪਿਆਰਾ ਸਿੰਘ ਜੀ ਘਰਾਣੇ ਵਿਚੋਂ ਇਨ੍ਹਾਂ ਦੇ ਭਰਾਤਾ ਸਵਰਗੀ ਭਾਈ ਕਿਰਪਾਲ ਸਿੰਘ ਅਤੇ ਇਨ੍ਹਾਂ ਦੇ ਸਪੁੱਤਰ ਉਸਤਾਦ ਬਲਜੀਤ ਸਿੰਘ, ਪ੍ਰੋ. ਪਰਮਜੀਤ ਸਿੰਘ ਵੀ ਕੀਰਤਨ ਅਤੇ ਸੰਗੀਤ ਦੀ ਦੁਨੀਆ ਵਿਚ ਜਾਣੇ ਪਛਾਣੇ ਨਾਮ ਹਨ।

ਗੁਰਮਤਿ ਸੰਗੀਤ ਚੇਅਰ-ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਬਾਰਵੇਂ ਗੁਰਮਤਿ ਸੰਗੀਤ ਉਤਸਵ ਦੇ ਅਵਸਰ 'ਤੇ 10 ਨਵੰਬਰ, 2015 ਨੂੰ ਭਾਈ ਪਿਆਰਾ ਸਿੰਘ ਗੁਰਮਤਿ ਸੰਗੀਤ ਘਰਾਣੇ ਦੇ ਵਿਖਿਆਤ ਕੀਰਤਨੀਏ ਭਾਈ ਜਸਵੰਤ ਸਿੰਘ ਦਾ ਗੁਰਮਤਿ ਸੰਗੀਤ ਘਰਾਣੇ ਵਜੋਂ ਸਨਮਾਨ ਕਰਨ ਦਾ ਮਾਣ ਲੈ ਰਹੇ ਹਾਂ।

ਡਾ. ਗੁਰਨਾਮ ਸਿੰਘ
ਪ੍ਰੋਫੈਸਰ ਤੇ ਮੁਖੀ
ਗੁਰਮਤਿ ਸੰਗੀਤ ਚੇਅਰ

ਡਾ. ਜਸਪਾਲ ਸਿੰਘ
ਵਈਸ-ਚਾਂਸਲਰ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਭਾਈ ਪਿਆਰਾ ਸਿੰਘ ਪਟਿਆਲਾ {1919-1987}

**ਭਾਈ ਅਵਤਾਰ ਸਿੰਘ ਹੰਸ (ਪ੍ਰਿੰਸੀਪਲ)**



ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮਿਤਸਰ ਦੇ ਹਜ਼ੂਰੀ ਰਾਗੀ ਭਾਈ ਪਿਆਰਾ ਸਿੰਘ ਜੀ ਪ੍ਰੰਪਰਗਤਿ ਰੂਪ ਵਿੱਚ ਬੜਾ ਹੀ ਸੁਰੀਲਾ ਤੇ ਰਸਦਾਇਕ ਕੀਰਤਨ ਕਰਦੇ ਸਨ। ਰਾਗਦਾਰੀ ਦੀ ਸੂਝ ਅਤੇ ਸ਼ਬਦ ਕੀਰਤਨ ਵਿੱਚ ਅਦੁਤੀ ਰਸ ਸੰਚਾਰ ਆਪ ਦੇ ਗਾਇਨ ਦੀਆ ਵਿਸ਼ੇਸ਼ਤਾਵਾਂ ਸਨ। ਸ਼ਬਦਾਂ ਦੀ ਚੋਣ ਅਤੇ ਧੁਨਾਂ ਵਿੱਚ ਅਪਣੀ ਕਲਾਤਮਿਕ ਪ੍ਰਭਿਤਾ ਦਾ ਬੜਾ ਸੁੰਦਰ ਰੂਪ ਦਰਸਾਉਦੇ ਸਨ। ਭਾਈ ਪਿਆਰਾ ਸਿੰਘ ਜੀ ਦਾ ਜਨਮ ਸੰਨ 1919 ਵਿੱਚ ਸ੍ਰ: ਪੰਜਾਬ ਸਿੰਘ ਅਤੇ ਮਾਤਾ ਆਸ ਕੌਰ ਦੇ ਗ੍ਰਹਿ ਚੱਕ ਨੰ:296 ਗੋਜਰਾਂ ਮੰਡੀ ਜ਼ਿਲਾ ਲਾਇਲਪੁਰ {ਪਾਕਿਸਤਾਨ} ਵਿਖੇ ਹੋਇਆ। ਬਚਪਨ ਵਿੱਚ ਪਿੰਡਾਂ ਦਾ ਲੋਕ ਸੰਗੀਤ ਸੁਣ ਕੇ ਸੰਗੀਤ ਸਿਖਣ ਦੀ ਰੁਚੀ ਪੈਦਾ ਹੋਈ। ਉਸ ਵਖਤ ਸੰਤ ਸੁਜਾਨ ਸਿੰਘ ਜੀ ਦਿੱਲੀ ਵਾਲੇ ਬਹੁਤ ਪ੍ਰਸਿੱਧ ਕੀਰਤਨੀਏਂ ਸਨ। ਉਹਨਾਂ ਦੇ ਕੀਰਤਨ ਤੋਂ ਆਪ ਬਹੁਤ ਪ੍ਰਭਾਵਿਤ ਹੋਏ। ਕਾਫੀ ਸਮਾਂ ਸੰਤ ਜੀ ਪਾਸ ਰਹਿ ਕੇ ਰਾਗ ਵਿਦਿਆ,ਇਲਾਹੀ ਕੀਰਤਨ ਦੀ ਦਾਤ ਪ੍ਰਾਪਤ ਕੀਤੀ। ਕੀਰਤਨ ਕਲਾ ਵਿੱਚ ਨਿਪੁੰਨ ਹੋ ਕੇ ਸੰਤ ਸੁਜਾਨ ਸਿੰਘ ਜੀ ਤੋਂ ਆਗਿਆ ਲੈ ਕੇ ਅਪਣਾ ਰਾਗੀ ਜਥਾ ਤਿਆਰ ਕਰ ਕੇ ਪੰਚਮ ਪਾਤਿਸ਼ਾਹ ਜੀ ਦੇ ਸ਼ਹੀਦੀ ਅਸਥਾਨ ਗੁ:ਡੇਹਰਾ ਸਾਹਿਬ ਲਾਹੌਰ ਵਿਖੇ ਕੀਰਤਨ ਸੇਵਾ ਅਰੰਭ ਕੀਤੀ। ਉਸ ਵਕਤ ਲਾਹੌਰ ਸੰਗੀਤ ਦਾ ਕੇਂਦਰ ਸੀ। ਉਚ ਕੋਟੀ ਦੇ ਗਵੱਈਏ,ਸੰਗੀਤਕਾਰ ਉਥੇ ਹੀ ਰਹਿਦੇ ਸਨ।

ਭਾਈ ਪਿਆਰਾ ਸਿੰਘ ਸੰਗੀਤਕਾਰਾਂ ਨਾਲ ਮੇਲ ਜੋਲ ਰੱਖਦੇ। ਇਥੇ ਕਈ ਉਸਤਾਦਾਂ ਪਾਸੋਂ ਆਪ ਨੇ ਸੰਗੀਤ ਦੀਆਂ ਬਰੀਕੀਆਂ ਨੂੰ ਸਮਝਿਆ ਤੇ ਉਚ ਤਾਲੀਮ ਹਾਸਲ ਕੀਤੀ। ਭਾਈ ਸਾਹਿਬ ਰੇਡਿਓ ਸਟੇਸਨ ਲਹੌਰ ਦੇ 'ਏ'ਗਰੇਡ ਦੇ ਰਾਗੀ ਸਨ। ਅਕਸਰ ਰੇਡਿਓ ਤੋਂ ਇਨ੍ਹਾ ਦਾ ਕੀਰਤਨ ਪ੍ਰਸਾਰਿਤ ਹੁੰਦਾ ਰਹਿਦਾ ਸੀ। 1947 ਤੱਕ ਆਪ ਜੀ ਲਹੌਰ ਵਿਖੇ ਰਹੇ। ਸੰਨ 1950-51 ਦੇ ਆਸ ਪਾਸ ਆਪ ਪਰਵਾਰ ਸਮੇਤ ਪਟਿਆਲਾ ਵਿਖੇ ਆ ਗਏ। ਗੁ: ਦੂਖ ਨਿਵਾਰਨ ਸਾਹਿਬ ਵਿਖੇ ਕੀਰਤਨ ਸੇਵਾ ਅਰੰਭ ਕੀਤੀ । ਇਥੇ ਸੰਗਤਾਂ ਨੇ ਆਪ ਜੀ ਨੂੰ ਬੇਹਦ ਪਿਆਰ ਤੇ ਸਤਿਕਾਰ ਬਖ਼ਸਿਆ। ਦੂਰ ਦੁਰਾਡੇ ਸੰਗਤਾਂ ਅਕਸਰ ਆਪ ਜੀ ਨੂੰ ਬੁਲਾਉਦੀਆਂ ਸਨ। ਕੀਰਤਨ ਦਰਬਾਰਾਂ ਦੀ ਆਪ ਜੀ ਸ਼ਾਨ ਸਨ। ਸੰਨ 1965 ਤੋਂ 1973 ਤੱਕ ਭਾਈ ਸਾਹਿਬ ਜੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮਿਤਸਰ ਜੀ ਵਿਖੇ ਕੀਰਤਨ ਸੇਵਾ ਨਿਵਾਹੀ। 1972 ਵਿੱਚ ਐਚ,ਐਮ.ਵੀ.ਅਤੇ ਪੌਲੀਡੋਰ ਵਰਗੀਆਂ ਪ੍ਰਸਿੱਧ ਕੰਪਨੀਆਂ ਨੇ ਆਪ ਜੀ ਦੀ ਮਧੁਰ ਆਵਾਜ਼ ਵਿੱਚ 'ਆਸਾ ਦੀ ਵਾਰ'ਅਤੇ ਸ਼ਬਦਾਂ ਦੇ ਕਈ ਰਿਕਾਰਡ ਤੇ ਕੈਸਟ ਤਿਆਰ ਕੀਤੇ। ਜੋ ਸੰਗਤਾਂ ਵਿੱਚ ਬਹੁਤ ਮਕਬੂਲ ਹੋਏ। ਆਪ ਜੀ ਦਾ ਗਾਇਨ ਕੀਤਾ ਸ਼ਬਦ 'ਪ੍ਰਭ ਡੋਰੀ ਹਾਥ ਤੁਮਾਰੇ'ਬੇਹਦ ਲੋਕ ਪ੍ਰਿਅ ਹੋਇਆ।

ਭਾਈ ਸਾਹਿਬ ਜੀ ਦਾ ਸਾਰਾ ਪਰਵਾਰ ਹੀ ਗੁਰਮਤਿ ਸੰਗੀਤ ਨੂੰ ਸਮਰਪਿਤ ਹੈ। ਆਪ ਜੀ ਦੇ ਚਾਰੇ ਸਪੁੱਤਰ ਭਾਈ ਜਸਵੰਤ ਸਿੰਘ,ਭਾਈ ਸਤਿਬੀਰ ਸਿੰਘ,ਭਾਈ ਜਗਦੀਪ ਸਿੰਘ ਅਤੇ ਭਾਈ ਮਨਜੀਤ ਸਿੰਘ ਜੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮਿਤਸਰ ਜੀ ਦੇ ਉਘੇ ਕੀਰਤਨੀਏ ਹਨ। ਜੋ ਭਾਈ ਸਾਹਿਬ ਜੀ ਦੀ ਨਿਵੇਕਲੀ ਕੀਰਤਨ ਸ਼ੈਲੀ ਨੂੰ ਬਰਕਰਾਰ ਰੱਖ ਰਹੇ ਹਨ। ਭਾਈ ਪਿਆਰਾ ਸਿੰਘ ਜੀ 7 ਮਾਰਚ 1987 ਨੂੰ ਪਟਿਆਲਾ ਵਿਖੇ ਸਵਾਸਾਂ ਨੂੰ ਤਿਆਗਦੇ ਹੋਏ ਗੁਰੂ ਚਰਨਾਂ ਵਿਚ ਜਾ ਵਿਰਾਜੇ।

**ਸੰਤ ਅਤਰ ਸਿੰਘ ਗੁਰਮਤਿ ਸੰਗੀਤ ਵਿਦਿਆਲਾ, ਮਸਤੂਆਣਾ ਸਾਹਿਬ, ਸੰਗਰੂਰ, ਮੋਬ. +91-9814554105**

## ਸ਼ਵਰ ਲਿਪੀਆਂ  ਭਾਈ ਪਿਆਰਾ ਸਿੰਘ ਜੀ ਪਟਿਆਲਾ

ਆਸਾ ਮਹਲਾ ੫ ॥ {ਪੰਨਾ ੩੮੫}

ਰਾਜ ਲੀਲਾ ਤੇਰੈ ਨਾਮਿ ਬਨਾਈ ॥ ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥੧॥

ਸਰਬ ਸੁਖਾ ਬਨੇ ਤੇਰੈ ਓਲ੍ਹੈ ॥ ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ ॥੧॥ ਰਹਾਉ ॥

ਹੁਕਮੁ ਬੂਝਿ ਰੰਗ ਰਸ ਮਾਣੇ ॥ ਸਤਿਗੁਰ ਸੇਵਾ ਮਹਾ ਨਿਰਬਾਣੇ ॥੨॥

ਜਿਨਿ ਤੂੰ ਜਾਤਾ ਸੋ ਗਿਰਸਤ ਉਦਾਸੀ ਪਰਵਾਣੁ ॥ ਨਾਮਿ ਰਤਾ ਸੋਈ ਨਿਰਬਾਣੁ ॥੩॥

ਜਾ ਕਉ ਮਿਲਿਓ ਨਾਮੁ ਨਿਧਾਨਾ ॥ ਭਨਤਿ ਨਾਨਕ ਤਾ ਕਾ ਪੂਰ ਖਜਾਨਾ ॥੪॥੬॥੫੭॥

ਸ਼ਬਦ ਰੀਤ    ਰਾਗ ਮਾਲਕੌਸ  ਤਾਲ ਕੈਹਰਵਾ

ਸਥਾਈ

| + | ੦ | + | ੦ |
|---|---|---|---|
| ਮ ਧੁ ਨੁ | ਧੁਨੁ ਸੰਨੁ ਧੁ ਮ | - ਮ ਧੁ ਨੁ | ਧੁਨੁ ਸੰਨੁ ਧੁ ਮ |
| ਰਾ ਜ ਲੀ | ਲਾs ss s s | s ਰਾ ਜ ਲੀ | ਲਾs ss s s |
| - ਨੁ ਧੁ ਮ | ਗੁ ਸ ਗੁ ਗੁ | - ਮ ਮ ਮ | ਮ - ਮ - |
| s ਰਾ ਜ ਲੀ | ਲਾ s ਤੇ ਰੈ | s ਨਾ ਮਿ ਬ | ਨਾ s ਈ s |

ਅੰਤਰਾ

| | | | |
|---|---|---|---|
| - ਗੁ ਗੁ ਮ | ਧੁ ਧੁ ਨੁ ਨੁ | ਸੰ ਸੰ ਸੰ ਸੰ | ਗੁੰ ਨੁ ਸੰ ਸੰ |
| s ਸਰ ਬ ਸੁ | ਖਾ s s s | ਬ ਨੇ ਤੇ ਰੈ | ਓ s ਲ੍ਹੈ s |
| - ਨੁ ਨੁ ਨੁ | ਨੁ ਨੁ ਨੁ - | ਧੁ ਨੁ ਧੁਨੁ ਸੰਨੁ | ਧੁ - ਮ - |
| s ਭ੍ਰ ਮ ਕੇ | ਪ ਰ ਦੇ s | ਸ ਤਿ ਗੁs ਰs | ਖੋ s ਲ੍ਹੇ s |

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

## ਸੋਰਠਿ ਮਹਲਾ ੫ ॥ {ਪੰਨਾ ੬੨੪}

ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ ॥ ਕਰਮੁ ਨ ਜਾਣਾ ਧਰਮੁ ਨ ਜਾਣਾ ਲੋਭੀ ਮਾਇਆਧਾਰੀ ॥
ਨਾਮੁ ਪਰਿਓ ਭਗਤੁ ਗੋਵਿੰਦ ਕਾ ਇਹ ਰਾਖਹੁ ਪੈਜ ਤੁਮਾਰੀ ॥੧॥ ਹਰਿ ਜੀਉ ਨਿਮਾਣਿਆ ਤੂ ਮਾਣੁ ॥
ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ ਤੇਰੀ ਕੁਦਰਤਿ ਕਉ ਕੁਰਬਾਣੁ ॥ ਰਹਾਉ ॥ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥ ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ॥ ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥੨॥ ਹਰਿ ਅੰਤਰਜਾਮੀ ਸਭ ਬਿਧਿ ਜਾਣੈ ਤਾ
ਕਿਸੁ ਪਹਿ ਆਖਿ ਸੁਣਾਈਐ ॥ ਕਹਣੈ ਕਥਨਿ ਨ ਭੀਜੈ ਗੋਬਿੰਦੁ ਹਰਿ ਭਾਵੈ ਪੈਜ ਰਖਾਈਐ ॥ ਅਵਰ ਓਟ ਮੈ ਸਗਲੀ ਦੇਖੀ ਇਕ ਤੇਰੀ ਓਟ ਰਹਾਈਐ ॥੩॥ ਹੋਇ ਦਇਆਲੁ ਕਿਰਪਾਲੁ ਪ੍ਰਭੁ ਠਾਕੁਰੁ ਆਪੇ ਸੁਣੈ ਬੇਨੰਤੀ ॥ ਪੂਰਾ ਸਤਗੁਰੁ ਮੇਲਿ ਮਿਲਾਵੈ ਸਭ ਚੂਕੈ ਮਨ ਕੀ ਚਿੰਤੀ ॥ ਹਰਿ ਹਰਿ ਨਾਮੁ ਅਵਖਦੁ ਮੁਖਿ ਪਾਇਆ ਜਨ ਨਾਨਕ ਸੁਖਿ ਵਸੰਤੀ ॥੪॥੧੨॥੬੨॥

### ਸ਼ਬਦ ਰੀਤ ਤਾਲ ਕੈਹਰਵਾ

ਸਥਾਈ

| + | ○ | + | ○ |
|---|---|---|---|
| ਨ਼ ਸ ਰ ਸ | ਸ – – – | ਨ਼ ਰ ਸ ਨ਼ | ਸ ਰ ਰ ਸ |
| ਹ ਰਿ ਜੀ ඝ | ਉ ඝ ඝ ඝ | ਹ ਰਿ ਜੀ ඝ | ਉ ඝ ඝ ඝ |
| – ਗੁ ਗੁ ਗੁ | ਗੁ ਰ ਰ ਸ | ਸ – ਸ – | – – – – |
| ඝ ਨਿ ਮਾ ਣਿ | ਆ ඝ ਤੂ ඝ | ਮਾ ඝ ਣੂ ඝ | ඝ ඝ ඝ ඝ |
| ਜੋੜ | | | |
| – ਧ ਧ ਪ– | ਮ ਰ ਰ ਸ | ਨੁ ਸ ਰ ਸ | ਸ – ਸ – |
| ඝ ਨਿ ਚੀ ਜਿਆ | ਚੀ ඝ ਜ ਕ | ਰੇ ඝ ਮੇ ਰਾ | ਗੋ ඝ ਵਿੰ ਦੁ |
| ਸੰ ਸੰ ਸੰ ਨੁ | ਪ ਮ ਰ ਸ | ਰ – ਰ – | ਰ ਗੁ ਰ ਸ |
| ਤੇਰੀ ਕੁਦ ਰ ਤਿ | ਕ ਉ ਕੁ ਰ | ਬਾ ඝ ਣੂ ඝ | ඝ ඝ ඝ ඝ |
| ਅੰਤਰਾ | | | |
| ਸੰ ਸੰ ਸੰ ਸੰ | ਨੁ ਧ ਨੁ ਨੁ | ਰੰ – ਰੰ – | ਸੰ – ਸੰ – |
| ਗ ඝ ਈ ඝ | ਬ ਹੋ ੜੁ ඝ | ਬੰ ඝ ਦੀ ඝ | ਛੋ ඝ ੜੁ ඝ |
| ਰੰ ਰੰ ਰੰ ਰੰ | ਸੰ ਨੁ ਨੁ ਸੰ | ਰੰ – ਸੰ – | ਸੰ – – – |
| ਨਿ ਰੰ ඝ ඝ | ਕਾ ਰੁ ਦੁ ਖ | ਦਾ ඝ ඝ ඝ | ਰੀ ඝ ඝ ඝ |

ਅੰਤਰੇ ਦੀਆਂ ਬਾਕੀ ਪੰਗਤੀਆਂ ਇਸੇ ਤੇ ਲਾਉ।

ਸੋਰਠਿ ਮਹਲਾ ੫ ॥ {ਪੰਨਾ ੬੨੬}

ਸੋਈ ਕਰਾਇ ਜੋ ਤੁਧੁ ਭਾਵੈ ॥ ਮੋਹਿ ਸਿਆਣਪ ਕਛੂ ਨ ਆਵੈ ॥
ਹਮ ਬਾਰਿਕ ਤਉ ਸਰਣਾਈ ॥ ਪ੍ਰਭਿ ਆਪੇ ਪੈਜ ਰਖਾਈ ॥੧॥
ਮੇਰਾ ਮਾਤ ਪਿਤਾ ਹਰਿ ਰਾਇਆ ॥
ਕਰਿ ਕਿਰਪਾ ਪ੍ਰਤਿਪਾਲਣ ਲਾਗਾ ਕਰਂੀ ਤੇਰਾ ਕਰਾਇਆ ॥ ਰਹਾਉ ॥
ਜੀਅ ਜੰਤ ਤੇਰੇ ਧਾਰੇ ॥ ਪ੍ਰਭ ਡੋਰੀ ਹਾਥਿ ਤੁਮਾਰੇ ॥
ਜਿ ਕਰਾਵੈ ਸੋ ਕਰਣਾ ॥ ਨਾਨਕ ਦਾਸ ਤੇਰੀ ਸਰਣਾ ॥੨॥੭॥੭੧॥

ਸ਼ਬਦ ਰੀਤ ਮਿ:ਰਾਗ ਕਾਫੀ ਤਾਲ ਕੈਹਰਵਾ

ਸਥਾਈ

| + | ○ | + | ○ |
|---|---|---|---|
| ਸ ਰ ਗੁ | ਨੂ ਪ਼ ਨ਼ ਸੁ | ਰਮ ਗਰ ਰ – | – – ਰ ਰ |
| ਡੋ ਰੀ s | ਹਾ s ਥਿ ਤੁ | ਮਾs ss ਰੇ s | s s ਪ੍ਰ ਭ |
| – ਮ ਮ ਗੁ | ਰ ਨੁ ਨੁ ਗੁ | ਰ – ਸ – | ਸ – – – |
| s ਡੋ ਰੀ s | ਹਾ s ਥਿ ਤੁ | ਮਾ s ਰੇ s | s s s s |
| – ਸਂ ਸਂ ਸਂ | ਨੁ ਧ ਮ ਪ | ਨੁ ਧ ਪ ਮ | ਗੁ ਰ ਸ ਗੁ |
| s ਜੀ ਅ s | ਜੰ ਤ ਤੇ ਰੇ | ਧਾ s s s | ਰੇ s s s |
| ਅੰਤਰਾ | | | |
| – ਪ ਨ ਨ | ਨ ਸਂ ਸਂ ਰਂ | ਸਂ ਨ ਸਂ – | – – – – |
| s ਸੋ ਈ ਕ | ਰਾ ਇ ਜੋ ਤੁਧੁ | ਭਾ s ਵੈ s | s s s s |
| – ਸਂ ਸਂ ਸਂ | ਨੁ ਧ ਮ ਪ | ਮ ਪ ਨੁ ਧ | ਪ – ਪ – |
| s ਮੋ ਹਿ ਸਿ | ਆ s ਣ ਪ | ਕ ਛੂ s ਨ | ਆ s ਵੈ s |
| – ਸਂ ਸਂ ਸਂ | ਨੁ ਧ ਮ ਪ | ਨੁ ਧ ਪ ਮ | ਗੁ ਰ ਸ ਗੁ |
| s ਜੀ ਅ s | ਜੰ ਤ ਤੇ ਰੇ | ਧਾ s s s | ਰੇ s s s |

ਰਾਮਕਲੀ ਮਹਲਾ ੫ ॥ {ਪੰਨਾ ੮੯੪}

ਤੂ ਦਾਨਾ ਤੂ ਅਬਿਚਲੁ ਤੂਹੀ ਤੂ ਜਾਤਿ ਮੇਰੀ ਪਾਤੀ ॥
ਤੂ ਅਡੋਲੁ ਕਦੇ ਡੋਲਹਿ ਨਾਹੀ ਤਾ ਹਮ ਕੈਸੀ ਤਾਤੀ ॥੧॥
ਏਕੈ ਏਕੈ ਏਕ ਤੂਹੀ ॥ ਏਕੈ ਏਕੈ ਤੂ ਰਾਇਆ ॥
ਤਉ ਕਿਰਪਾ ਤੇ ਸੁਖੁ ਪਾਇਆ ॥੧॥ ਰਹਾਉ ॥
ਤੂ ਸਾਗਰੁ ਹਮ ਹੰਸ ਤੁਮਾਰੇ ਤੁਮ ਮਹਿ ਮਾਣਕ ਲਾਲਾ ॥
ਤੁਮ ਦੇਵਹੁ ਤਿਲੁ ਸੰਕ ਨ ਮਾਨਹੁ ਹਮ ਭੁੰਚਹ ਸਦਾ ਨਿਹਾਲਾ ॥੨॥
ਹਮ ਬਾਰਿਕ ਤੁਮ ਪਿਤਾ ਹਮਾਰੇ ਤੁਮ ਮੁਖਿ ਦੇਵਹੁ ਖੀਰਾ ॥
ਹਮ ਖੇਲਹ ਸਭਿ ਲਾਡ ਲਡਾਵਹ ਤੁਮ ਸਦ ਗੁਣੀ ਗਹੀਰਾ ॥੩॥
ਤੁਮ ਪੂਰਨ ਪੂਰਿ ਰਹੇ ਸੰਪੂਰਨ ਹਮ ਭੀ ਸੰਗਿ ਅਘਾਏ ॥
ਮਿਲਤ ਮਿਲਤ ਮਿਲਤ ਮਿਲਿ ਰਹਿਆ ਨਾਨਕ ਕਹਣੁ ਨ ਜਾਏ ॥੪॥੬॥

ਸ਼ਬਦ ਰੀਤ ਰਾਗ ਭੈਰਵੀ ਤਾਲ ਦਾਦਰਾ

ਸਥਾਈ

| + | ○ | + | ○ |
|---|---|---|---|
| ਮ ਪ ਪਧੁ | ਪਮਮਗੁ ਰੁ | ਮਗੁ ਗੁਰੁ ਰੁ | ਸ – – |
| ਏ ਕੈ ss | ਏs ਕੈs s | ਏs ਕs ਤੂ | ਹੀ s s |
| ਸਂ ਸਂ ਨੁ | ਧੁ ਨੁ ਧੁ | ਪ ਪ ਪ | – – – |
| ਏ ਕੈ ਏ | ਕੈ ਤੂ s | ਰਾ ਇ ਆ | s s s |
| ਸਂ ਸਂ ਨੁ | ਧੁ ਨੁ ਧੁ | ਪ ਪ ਪ | ਪਮ ਗੁਰੁ ਸ |
| ਤਉ ਕਿ ਰ | ਪਾ ਤੇ ਸੁਖੁ | ਪਾ ਇ ਆ | ss ss s |
| ਅੰਤਰਾ | | | |
| ਸਂ ਸਂ ਨੁਧੁ | ਨੁ ਨੁ ਧੁਮ | ਧੁ ਧੁ ਮਗੁ | ਮ ਮ – |
| ਤੂ s ਦਾs | ਨਾ ਤੂ ss | ਅਬਿ ਚ ਲੁs | ਤੂ ਹੀ s |
| ਪਸਂ ਸਂ ਸਂ | ਨੁ ਨੁ ਰੁਂ | ਸਂ ਸਂ ਸਂ | – – – |
| ਤੂs s s | ਜਾਤਿ ਮੇਰੀ | ਪਾ ਤੀ s | s s s |
| ਸਂ ਸਂ ਨੁ | ਧੁ ਨੁ ਧੁ | ਪ ਪ – | ਪਮ ਗੁਰੁ ਸ |
| ਤਉ ਕਿ ਰ | ਪਾ ਤੇ ਸੁਖੁ | ਪਾ ਇ ਆ | ss ss s |

ਤੁਖਾਰੀ ਛੰਤ ਮਹਲਾ ੧

ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ ॥
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ ॥
ਪਿਰੁ ਘਰਿ ਨਹੀ ਆਵੈ, ਮਰੀਐ ਹਾਵੈ, ਦਾਮਨਿ ਚਮਕਿ ਡਰਾਏ ॥
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ ॥
ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ ॥
ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ ॥੯॥ {ਪੰਨਾ ੧੧੦੮}

ਰਾਗ ਆਸਾ ਤਾਲ ਦਾਦਰਾ

ਸਥਾਈ

| | | | |
|---|---|---|---|
| + | ○ | + | ○ |
| ਸਂ ਸਂ ਸਂ | ਨੁ ਧ ਪ | ਪਧ ਪਮ ਮ- | ਪ ਧ ਧ |
| ਸਾ ਵ ਣਿ | ਸਰ ਸ ਮ | ਨਾS SS ਘਣ | ਵਰ ਸਹਿ S |
| ਧਪ ਪ ਪ | ਮ ਗ ਰ | ਸ ਰ ਗ | ਰਸ ਸ ਸ |
| ਘਣ ਵ ਰS | ਸਹਿ ਰੁ ਤਿ | ਆ S S | ਏS S S |

ਅੰਤਰਾ

| | | | |
|---|---|---|---|
| ਪ ਪ- ਧ- | ਸਂ ਸਂ ਸਂ | ਰਂਸਂ ਰਂ ਗਂ | ਰਂਸਂ ਰਂਸਂ ਸਂ |
| ਮੈ ਮਨਿ ਤਨਿ | ਸ ਹੁ S | ਭਾS ਵੈ S | ਪਿਆ ਰੇS S |
| ਰਂਸਂ ਨਧ ਧਧ | ਸਂਨ ਨਧ ਧਪ | ਧਪ ਮਗ ਰਸ | ਸ ਸ ਸ |
| SS SS SS | SS SS SS | SS SS SS | S S S |
| ਸਂ- ਸਂ ਸਂ | ਨਧ ਧਪ ਪਮ | ਪਧ ਧਪ ਪਮ | ਪ ਧ ਧ |
| ਪਿਰ ਪ ਰ | ਦੇS ਸਿS ਸਿS | ਧਾS SS SS | ਏ S S |
| ਧਪ ਪ ਪ | ਮ ਗ ਰ | ਸ ਰ ਗ | ਰਸ ਸ - |
| ਪਿਰ ਪ ਰ | ਦੇ ਸਿ ਸਿ | ਧਾ S S | ਏS S S |

ਆਸਾ ਮਹਲਾ ੧ ॥ {ਪੰਨਾ ੩੫੧}

ਕਰਿ ਕਿਰਪਾ ਅਪਨੈ ਘਰਿ ਆਇਆ ਤਾ ਮਿਲਿ ਸਖੀਆ ਕਾਜੁ ਰਚਾਇਆ ॥
ਖੇਲੁ ਦੇਖਿ ਮਨਿ ਅਨਦੁ ਭਇਆ ਸਹੁ ਵੀਆਹਣ ਆਇਆ ॥੧॥
ਗਾਵਹੁ ਗਾਵਹੁ ਕਾਮਣੀ ਬਿਬੇਕ ਬੀਚਾਰੁ ॥ਹਮਰੈ ਘਰਿ ਆਇਆ ਜਗਜੀਵਨੁ ਭਤਾਰੁ ॥
੧॥ਰਹਾਉ ॥ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ ਜਾਂ ਸਹੁ ਮਿਲਿਆ ਤਾਂ ਜਾਨਿਆ ॥
ਤਿਹੁ ਲੋਕਾ ਮਹਿ ਸਬਦੁ ਰਵਿਆ ਹੈ ਆਪੁ ਗਇਆ ਮਨੁ ਮਾਨਿਆ ॥੨॥
ਆਪਣਾ ਕਾਰਜੁ ਆਪਿ ਸਵਾਰੇ ਹੋਰਨਿ ਕਾਰਜੁ ਨ ਹੋਈ ॥
ਜਿਤੁ ਕਾਰਜਿ ਸਤੁ ਸੰਤੋਖੁ ਦਇਆ ਧਰਮੁ ਹੈ ਗੁਰਮੁਖਿ ਬੂਝੈ ਕੋਈ ॥੩॥
ਭਨਤਿ ਨਾਨਕੁ ਸਭਨਾ ਕਾ ਪਿਰੁ ਏਕੋ ਸੋਇ ॥ ਜਿਸ ਨੋ ਨਦਰਿ ਕਰੇ ਸਾ ਸੋਹਾਗਣਿ ਹੋਇ ॥
੪॥੧੦॥

ਰਾਗ ਆਸਾ ਤਾਲ ਤਿੰਨਤਾਲ

ਸਥਾਈ

| ੦ | ੩ | + | ੨ |
|---|---|---|---|
| ਰ ਰ ਮ ਮ | ਪ ਪ ਧਨ ਧਪ | ਸਂ - - ਰਂ | ਸਂਨ ਧਪ ਮਗ ਰਸ |
| ਹ ਮ ਰੈ s | ਘ ਰਿ ਆs ਇs | ਆ s s s | ss ss ss ss |
| - ਧ ਧ ਧ | ਪ ਪ ਪ ਪ | ਗ ਗ ਗ ਮ | ਰ ਰ ਸ - |
| s ਜ ਗ s | ਜੀ ਵ ਨੁ ਭ | ਤਾ s ਰੁ s | s s s s |
| ਅੰਤਰਾ | | | |
| - ਪ- ਪ ਧ | ਸਂ ਸਂ ਸਂ ਸਂ | ਰਂ- ਰਂ ਰਂ ਰਂ | ਸਂਰਂ ਗਂਰਂ ਸਂਨ ਧਪ |
| s ਕਰਿ ਕਿ ਰ | ਪਾ s s s | ਅਪ ਨੈ ਘ ਰਿ | ਆs ssਇs ਆs |
| - ਪ ਧ ਧ | ਧ ਧ ਧ ਨ | ਗ ਗ ਗ ਮ | ਰ ਰ ਸ - |
| s ਤਾ ਮਿ ਲਿ | ਸ ਖੀ ਆ s | ਕਾ s ਜੁ ਰ | ਚਾ ਇ ਆ s |

ਰਾਗੁ ਸੂਹੀ ਮਹਲਾ ੧ ਛੰਤੁ ਘਰੁ ੨

ਹਮ ਘਰਿ ਸਾਜਨ ਆਏ ॥ ਸਾਚੈ ਮੇਲਿ ਮਿਲਾਏ ॥

ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ ॥

ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ ॥

ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰ ਮੰਦਰ ਸੋਹਾਏ ॥

ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ॥੧॥

ਸ਼ਬਦ ਰੀਤ ਤਾਲ ਕੈਹਰਵਾ

ਸਥਾਈ

| + | O | + | O |
|---|---|---|---|
| ਧ਼ ਸ ਸ ਸ | ਰ ਗ ਸ ਰ | ਰ ਗ ਗ ਰ | ਗ – – – |
| ਹ ਮ ਘ ਰਿ | ਸਾ s ਜ ਨ | ਆ s s s | ਏ s s s |
| ਰ ਰ ਰ ਰ | ਗ ਪ ਗ ਰ | ਸ – – – | ਧ਼ – ਪ਼ – |
| ਸਾ s ਚੈ s | ਮੇ s ਲਿ ਮਿ | ਲਾ s s s | ਏ s s s |
| ਸ – ਸ – | ਸ ਸ ਰ ਧ਼ | ਸ – – – | ਸ – – – |
| ਸਾ s ਚੈ s | ਮੇ s ਲਿ ਮਿ | ਲਾ s s s | ਏ s s s |

ਅੰਤਰਾ

| | | | |
|---|---|---|---|
| – ਸਗ ਗ ਪ | ਪ ਪ ਧ ਧ | – ਗ ਗ ਪ | ਪ ਪ ਧ ਧ |
| s ਸਹ ਜਿ ਮਿ | ਲਾ s ਏ s | s ਹਰਿ ਮ ਨਿ | ਭਾ s ਏ s |
| ਪ ਪ ਧ ਪ | ਗ ਰ ਸ ਰ | ਰ ਗ ਗ ਰ | ਗ – – – |
| ਪੰ s ਚ ਮਿ | ਲੇ s ਸੁ ਖੁ | ਪਾ s s ਇ | ਆ s s s |
| ਸਂ ਸਂ ਧ ਧ | ਪ ਪ ਪ ਪ | ਗ ਗ ਸ ਰ | ਗ – ਗ – |
| ਸਾ s ਈ s | ਵ ਸ ਤੁ ਪ | ਰਾ s ਪ ਤਿ | ਹੋ s ਈ s |
| ਰ ਰ ਰ ਰ | ਗ ਪ ਗ ਰ | ਸ – – ਸ | ਧ਼ – ਸ – |
| ਜਿ ਸੁ ਸੇ s | ਤੀ s ਮ ਨੁ | ਲਾ s s ਇ | ਆ s s s |

ਰਾਗੁ ਬਿਲਾਵਲੁ ਮਹਲਾ ੫ ਦੁਪਦੇ ਘਰੁ ੮{ਪੰਨਾ ੮੨੭}
ੴ ਸਤਿਗੁਰ ਪ੍ਰਸਾਦਿ ॥ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥
ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ ॥੧॥ ਰਹਾਉ ॥
ਨਗਰ ਮਹਿ ਆਪਿ ਬਾਹਰਿ ਫੁਨਿ ਆਪਨ ਪ੍ਰਭ ਮੇਰੇ ਕੋ ਸਗਲ ਬਸੇਰਾ ॥
ਆਪੇ ਹੀ ਰਾਜਨੁ ਆਪੇ ਹੀ ਰਾਇਆ ਕਹ ਕਹ ਠਾਕੁਰੁ ਕਹ ਕਹ ਚੇਰਾ ॥੧॥
ਕਾ ਕਉ ਦੁਰਾਉ ਕਾ ਸਿਉ ਬਲਬੰਚਾ ਜਹ ਜਹ ਪੇਖਉ ਤਹ ਤਹ ਨੇਰਾ ॥
ਸਾਧ ਮੂਰਤਿ ਗੁਰੁ ਭੇਟਿਓ ਨਾਨਕ ਮਿਲਿ ਸਾਗਰ ਬੂੰਦ ਨਹੀ ਅਨ ਹੇਰਾ
॥੨॥੧॥੧੧੭॥

ਰਾਗ ਮਿ:ਭੈਰਵ ਤਾਲ ਕੈਹਰਵਾ

ਸਥਾਈ

| + | O | + | O |
|---|---|---|---|
| ਸ ਰੁ ਮ - | ਮ - - - | ਪ ਧੁ ਪ ਮ | ਗ ਮ ਪ ਧੁ |
| ਮੈ s ਨਾ s | ਹੀ s s s | ਮੈ s ਨਾ s | ਹੀ s ਪ੍ਰ ਭ |
| ਸੰ ਨ ਧੁ ਪ | ਗ ਮ ਪ ਪ | ਧੁ ਨੁਧ ਸੰਨੁ ਧੁ | ਪ - - - |
| ਸ ਭੁ ਕਿ ਛੁ | ਤੇ s ਰਾ s | s ਮੈs ss ਨਾ | ਹੀ s s s |

ਅੰਤਰਾ

| | | | |
|---|---|---|---|
| ਮ - ਮ - | ਧੁ ਪ ਧੁ ਪ | ਸੰ - ਸੰ ਰੁੰ | ਸੰ ਨ ਸੰ - |
| ਈ s ਘੈ s | ਨਿ ਰ ਗੁ ਨ | ਊ s ਘੈ s | ਸ ਰ ਗੁ ਨ |
| ਸੰ ਗੁੰ ਰੁੰ ਸੰ | ਨ ਧੁ ਪ ਪ | ਪ- ਧੁ ਪ ਮ | ਗ ਮ ਪ - |
| ਕੇ s ਲ ਕ | ਰ ਤ ਬਿ ਚਿ | ਸੁਆ s ਮੀ s | ਮੇ s ਰਾ s |
| ਧੁ ਨੁਧ ਸੰਨੁ ਧੁ | ਪ - - - | | |
| s ਮੈs ss ਨਾ | ਹੀ s s s | | |

ਦੋਹਿਰਾ (ਸ਼ਸਤਰ ਮਾਲਾ ਪਾ: ੧੦)
ਅਸ ਕ੍ਰਿਪਾਨ ਖੰਡੋ ਖੜਗ, ਤੁਪਕ ਤਬਰ ਅਰੁ ਤੀਰ॥
ਸੈਫ਼ ਸਰੋਹੀ ਸੈਥੀ ਯਹੈ ਹਮਾਰੈ ਪੀਰ॥੩॥
ਤੀਰ ਤੁਹੀ ਸੈਥੀ ਤੁਹੀ,ਤੁਹੀ ਤਬਰ ਤਰਬਾਰ॥
ਨਾਮ ਤਿਹਾਰੋ ਜੋ ਜਪੈ, ਭਯੋ ਸਿੰਧ ਭਵ ਪਾਰ॥੪॥
ਕਾਲ ਤੁਹੀ ਕਾਲੀ ਤੁਹੀ, ਤੁਹੀ ਤੇਗ਼ ਅਰ ਤੀਰ॥
ਤੁਹੀ ਨਿਸਾਨੀ ਜੀਤ ਕੀ,ਆਜ ਤੁਹੀ ਜਗ ਬੀਰ॥੫॥

ਰਾਗ ਭੈਰਵੀ ਤਾਲ ਦਾਦਰਾ

| | | | |
|---|---|---|---|
| ਸਥਾਈ | | | |
| + | ੦ | + | ੦ |
| ਸ ਪ ਪ | ਪ- ਧੁਪ ਧੁਪ | ਮਪ ਮਗੁ ਗੁਮ | ਪ - - |
| ਤੂ ਹੀ ਨਿ | ਸਾS ਨੀS SS | ਜੀS SS Sਤ | ਕੀ S S |
| ਸ ਸ ਰ | ਗੁ ਮ ਮ | ਗੁਰ ਮਗੁ ਰੁ- | ਸ - - |
| ਤੂ ਹੀ ਨਿ | ਸਾ ਨੀ S | ਜੀS SS Sਤ | ਕੀ S S |
| ਜੋੜ | | | |
| ਸਂਨੁ ਨੁਧੁ ਧੁਪ | ਨੁਧੁ ਧੁਪ ਪਮ | ਸਰ ਗੁ- ਮ- | ਮਗੁ ਰੁ- ਸ- |
| ਆS ਜਤੁ ਹੀS | ਆS ਜਤੁ ਹੀS | ਆS ਜਤੁ ਹੀS | ਜS Sਗ ਬੀਰ |
| ਅੰਤਰਾ | | | |
| ਗੁ ਗੁ ਧੁ | ਨੁ ਧੁ ਧੁ | ਸਂ ਸਂ ਸਂ | ਨੁਰੁਂ ਸਂ - |
| ਅਸ ਕ੍ਰਿ S | ਪਾ S ਨ | ਖੰ ਡੋ S | ਖੜ ਗ S |
| ਨੁ ਨੁ ਨੁ | ਸਂ ਸਂ ਸਂ | ਨੁਧੁ ਸਂਨੁ ਧੁਪ | ਪ - - |
| ਤੁਪ ਕ ਤ | ਬਰ ਅ ਰੁ | ਤੀS SS SS | ਰ S S |

ਸੋਰਠਿ ਮਹਲਾ ੫ ॥ {ਪੰਨਾ ੬੧੪}

ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ ॥
ਸੰਤ ਹਮਾਰੀ ਓਟ ਸਤਾਣੀ ਸੰਤ ਹਮਾਰਾ ਗਹਣਾ ॥੧॥
ਹਮ ਸੰਤਨ ਸਿਉ ਬਣਿ ਆਈ ॥
ਪੂਰਬਿ ਲਿਖਿਆ ਪਾਈ ॥ ਇਹੁ ਮਨੁ ਤੇਰਾ ਭਾਈ ॥ ਰਹਾਉ ॥
ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ ॥
ਸੰਤਨ ਸਿਉ ਹਮ ਲਾਹਾ ਖਾਟਿਆ ਹਰਿ ਭਗਤਿ ਭਰੇ ਭੰਡਾਰਾ ॥੨॥
ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥
ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥੩॥
ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ ॥
ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਰੰਗਿ ਰਤੇ ਬਿਸਮਾਦੇ ॥੪॥੮॥੧੯॥

ਸ਼ਬਦ ਰੀਤ ਰਾਗ ਸੋਰਠ ਤਾਲ ਕੈਹਰਵਾ

ਸਥਾਈ

| + | ○ | + | ○ |
|---|---|---|---|
| ਨ ਨ ਨ ਨ | ਨ ਨ ਸਂ ਸਂ | ਨੁ ਧ ਨੁ ਧ | ਪ – – – |
| ਹਮ ਸੰ ਤ ਨ | ਸਿ ਉ ਬ ਣਿ | ਆ **s** ਈ **s** | **s s s s** |
| – ਪ ਪ ਪ | ਪ ਮ ਧ ਪ | ਮ ਮ ਮ ਗ | ਰ – – – |
| **s** ਪੂ ਰ ਬਿ | ਲਿ ਖਿ ਆ **s** | ਪਾ **s** ਈ **s** | **s s s s** |
| – ਮ ਮ ਗ | ਗ ਰ ਸ ਰ | ਸ ਨ਼ ਸ – | – – – – |
| **s** ਇਹੁ ਮ ਨੁ | ਤੇ **s** ਰਾ **s** | ਭਾ **s** ਈ **s** | **s s s s** |

ਅੰਤਰਾ

ਸੂਹੀ ਮਹਲਾ ੫ ਗੁਣਵੰਤੀ ॥ {ਪੰਨਾ ੭੬੩}
ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥
ਆਖਾ ਬਿਰਥਾ ਜੀਅ ਕੀ ਗੁਰੁ ਸਜਣੁ ਦੇਹਿ ਮਿਲਾਇ ਜੀਉ ॥
ਸੋਈ ਦਸਿ ਉਪਦੇਸੜਾ ਮੇਰਾ ਮਨੁ ਅਨਤ ਨ ਕਾਹੂ ਜਾਇ ਜੀਉ ॥
ਇਹੁ ਮਨੁ ਤੈ ਕੂੰ ਡੇਵਸਾ ਮੈ ਮਾਰਗੁ ਦੇਹੁ ਬਤਾਇ ਜੀਉ ॥
ਹਉ ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ ॥
ਮੈ ਆਸਾ ਰਖੀ ਚਿਤਿ ਮਹਿ ਮੇਰਾ ਸਭੋ ਦੁਖੁ ਗਵਾਇ ਜੀਉ ॥
ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ ॥
ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ ॥
ਇਉ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ ॥
ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥
ਹਰਿ ਭਗਤਿ ਖਜਾਨਾ ਬਖਸਿਆ ਗੁਰਿ ਨਾਨਕਿ ਕੀਆ ਪਸਾਉ ਜੀਉ ॥
ਮੈ ਬਹੁੜਿ ਨ ਤ੍ਰਿਸਨਾ ਭੁਖੜੀ ਹਉ ਰਜਾ ਤ੍ਰਿਪਤਿ ਅਘਾਇ ਜੀਉ ॥
ਜੋ ਗੁਰ ਦੀਸੈ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥੩॥

ਸਥਾਈ ਸ਼ਬਦ ਰੀਤ ਤਾਲ ਕੈਹਰਵਾ

| + | ○ | + | ○ |
|---|---|---|---|
| ਧ ਨੁ ਧ ਪ | ਮ ਮ ਰ ਸ | ਨੁ ਸ ਰ ਸ | ਸ ਸ ਸ ਸ |
| ਹ ਉ ਆ S | ਇ ਆ S S | ਦੂ S ਰ ਹੁ | ਚ ਲਿ ਕੈ ਮੈ |
| ਗ – – – | ਗ ਮ ਪ ਪ | ਗੁ – ਰ – | ਸ – – – |
| ਤ S ਕੀ S | ਤ ਉ ਸ ਰ | ਣਾ S ਇ ਜੀ | ਉ S S S |
| ਅੰਤਰਾ | | | |
| ਸਂ – ਸਂ – | ਸਂ ਰਂ ਸਂ ਨੁ | ਨੁ ਸਂ ਸਂ ਰਂ | ਰਂ ਰਂ ਸਂ ਸਂ |
| ਜੋ S ਦੀ S | ਸੈ S ਗੁ ਰ | ਸਿ ਖ ੜਾ S | S S S ਤਿਸੁ |
| ਪ ਨੁ ਨੁ ਨੁ | ਸਂ – ਰਂ – | ਰਂ – ਰਂ ਸਂ | ਸਂ – – – |
| ਨਿ ਵਿ ਨਿ ਵਿ | ਲਾ S ਗ ਉ | ਪਾ S ਇ ਜੀ | ਉ S S S |
| ਸਂ – ਸਂ – | ਨੁ ਪ ਮ ਮ | ਮ ਪ ਪ ਪ | ਪ – ਮ ਰ |
| ਆ S ਖਾ S | ਬਿ ਰ ਥਾ S | ਜੀ ਅ ਕੀ S | S S S ਗੁਰੁ |
| ਰ ਪ ਪ ਪ | ਮ ਮ ਰ ਸ | ਨੁ ਸ ਰ ਸ | ਸ – – – |
| ਸ ਜ ਣੁ S | ਦੇ S ਹਿ ਮਿ | ਲਾ S ਇ ਜੀ | ਉ S S S |

# ਗੁਰਮਤਿ ਸੰਗੀਤ ਵਿਚ ਤਾਲ ਦਾ ਮਹੱਤਵ

**ਡਾ. ਪਰਮਜੀਤ ਸਿੰਘ**

ਸੰਗੀਤ ਵਿਚ ਜੋ ਸਮਾਂ ਬਤੀਤ ਹੁੰਦਾ ਹੈ, ਉਸ ਦੀ ਗਤੀ ਨੂੰਲੈਅ ਕਹਿੰਦੇ ਹਨ। ਉਸ ਲੈਅ ਨੂੰਜਦੋਂ ਅਸੀਂ ਮਾਤਰਾ ਵਿਚ ਵੰਡ ਕੇ ਉਨ੍ਹਾਂ ਨੂੰ ਕੋਈ ਵਾਸਤੇ ਦੇ ਜਾਂ ਪਖਾਵਜ ਦੇ ਬੋਲ ਦੇਂਦੇ ਹਾਂ, ਤੇ ਉਸ ਨੂੰਅਸੀਂ ਤਾਲ ਕਹਿੰਦੇ ਹਾਂ। ਇਸ ਵਿਚ 5 ਮਾਤਰਾਂ ਤੋਂ ਲੈ ਕੇ 28 ਮਾਤਰਾਂ ਤਕ ਦੇ ਤਾਲ ਹੋ ਸਕਦੇ ਹਨ।

ਗੁਰਮਤਿ ਸੰਗੀਤ ਅਪਣੇ ਆਪ ਵਿਚ ਇਕ ਬਹੁਤ ਵਿਸਤਰਿਤ ਸ਼ਬਦ ਹੈ। ਗੁਰਮਤਿ ਸੰਗੀਤ ਵਿਚ ਤਾਲ ਦੇ ਮਹਤਵ ਨੂੰਜਾਣਨ ਵਾਸਤੇ ਅਸੀਂ ਗੁਰਮਤਿ ਸੰਗੀਤ ਦੀਆਂ ਅਲਗ ਅਲਗ ਸ਼ੈਲੀਆਂ ਤੇ ਵਿਚਾਰ ਕਰਾਂਗੇ ਅਤੇ ਦੇਖਾਂਗੇ ਕਿ ਇਨ੍ਹਾਂ ਸ਼ੈਲੀਆਂ ਵਿਚ ਤਾਲ ਦਾ ਕੀ ਮਹੱਤਵ ਹੈ। ਗੁਰਮਤਿ ਸੰਗੀਤ ਵਿਚ ਤਾਲ ਦਾ ਪ੍ਰਬੰਧ ਜਾਂ ਸੰਗਤ ਕਰਨ ਦਾ ਢੰਗ ਹਿਦੁੰਸਤਾਨੀ ਸੰਗੀਤ ਨਾਲੋਂ ਕੁਝ ਨਵੇਕਲਾ ਹੈ। ਗੁਰਮਤਿ ਸੰਗੀਤ ਵਿਚ ਗੁਰਬਾਣੀ ਕੀਰਤਨ ਨਾਲ ਜਦੋਂ ਤਾਲ ਵਜਾਇਆ ਜਾਂਦਾ ਹੈ ਤੇ ਇਕ ਅਦੱਬ ਅਤੇ ਭੈ ਨੂੰਮਨ ਵਿਚ ਰੱਖ ਕੇ ਵਜਾਇਆ ਜਾਂਦਾ ਹੈ। ਤਾਕਿ ਸ਼ਬਦ ਜਦੋਂ ਸਰੋਤਾ ਸੁਣੇ ਤਾਂ ਉਸ ਦੀ ਸੁਰਤ ਸ਼ਬਦ ਨਾਲੋਂ ਨਾ ਟੁਟੇ। ਗੁਰਬਾਣੀ ਕੀਰਤਨ ਵਿਚ ਸਭ ਤੋਂ ਪਹਿਲਾਂ ਅਸੀਂ ਕੀਰਤਨ ਚੋਂਕੀ ਵਿਚ ਉਸਦੇ ਅਲਗ ਅਲਗ ਅੰਗਾਂ ਦੇ ਵਿਚ ਤਾਲ ਦੇ ਮਹੱਤਵ ਨੂੰਦੇਖਾਂਗੇ।

**(1) ਲਹਿਰਾ ਜਾਂ ਸ਼ਾਨ :** ਕੀਰਤਨ ਚੋਂਕੀ ਵਿਚ ਸਭ ਤੋਂ ਪਹਿਲਾਂ ਰਾਗੀ ਸਿੰਘ ਆਪਣੇ ਸਾਜਾਂ ਨੂੰਸੁਰ ਕਰਦੇ ਹਨ। ਫਿਰ ਇਕ ਸਿੰਘ ਅਪਣੇ ਸਾਜ ਤੇ ਸਮੇਂ ਦੇ ਰਾਗ ਵਿਚ ਸ਼ਾਨ ਵਜਾਉਂਦਾ ਹੈ ਤੇ ਜੋੜੀ ਵਾਲਾ ਸਿੰਘ ਕੋਈ ਤਾਲ ਵਜਾਕੇ ਉਸ ਵਿਚ ਵਿਭਿੰਨ ਲੈਅਕਾਰੀਆਂ ਵਿਚ ਅਪਣੇ ਹੁਨਰ ਦਾ ਪ੍ਰਗਟਾਵਾ ਕਰਦਾ ਹੈ, ਇਸ ਸਮੇਂ ਕੋਈ ਸ਼ਬਦ ਗਾਇਨ ਨਹੀਂ ਕੀਤਾ ਜਾਂਦਾ ਇਸ ਤਰਾਂ ਜੋੜੀ ਵਾਲਾ ਤਾਲ ਨੂੰਵਿਸਤਾਰ ਨਾਲ 45 ਮਿੰਟ ਤਕ ਵਜਾਉਂਦਾ ਹੈ ਜਿਸ ਨਾਲ ਕੀਰਤਨ ਲਈ ਇਕ ਢੁਕਵਾਂ ਸੰਗੀਤਕ ਮਾਹੋਲ ਸਿਰਜਿਆ ਜਾਂਦਾ ਹੈ। ਅਤੇ ਸ਼ਰੋਤੇ ਕੀਰਤਨ ਸੁਣਨ ਵਾਸਤੇ ਇਕਰਾਰ ਚਿਤ ਹੋਂਦੇ ਹਨ। ਇਸ ਤਰ੍ਹਾਂ ਚੋਂਕੀ ਦੇ ਇਸ ਅੰਗ ਵਿਚ ਤਾਲ ਦਾ ਇਕ ਵਿਸ਼ੇਸ਼ ਮਹੱਤਵ ਹੈ।

**(2) ਮੰਗਲਾਚਰਣ** : ਜਿਸ ਤਰ੍ਹਾਂ ਭਾਰਤੀ ਸ਼ਾਸਤਰੀ ਸੰਗੀਤ ਵਿਚ ਵਡਾ ਖਿਆਲ ਗਾਇਆ ਜਾਂਦਾ ਹੈ ਅਤੇ ਉਸ ਨਾਲ ਤਬਲਾ ਵਾਦਕ ਵਿਲੰਬਿਤ ਲੈਅ ਵਿਚ ਕੋਈ ਤਾਲ ਵਜਾਉਂਦਾ ਹੈ ਉਸੀ ਤਰ੍ਹਾਂ ਮੰਗਲਾਚਰਣ ਜਾਂ ਡੰਡਉਤ ਗਾਇਨ ਸਮੇਂ ਕੋਈ ਸਲੋਕ ਜਾਂ ਦੋਹਰਾ ਲੈ ਕੇ ਉਸ ਨੂੰ ਕਿਸੀ ਵਿੰਲਬਿੰਤ ਤਾਲ ਵਿਚ ਗਾਇਆ ਜਾਂਦਾ ਹੈ, ਜਿਸ ਵਿਚ ਜੋੜੀ ਵਾਲਾ ਵਿਲੰਬਿੰਤ ਇਕ ਤਾਲੁ, ਤਿੰਨਤਾਲ ਜਾਂ ਝੂਮਰਾ ਆਦਿ ਤਾਲਾਂ ਵਿਚ ਜੋੜੀ ਉਤੇ ਠੇਕਾ ਲਗਾਂਦਾ ਹੈ, ਇਸ ਤਰ੍ਹਾਂ ਕੀਰਤਨ ਦਾ ਇਕ ਮਹੋਲ ਬਣਦਾ ਰੁ ਅਤੇ ਜੋੜੀ ਵਜਾਉਣ ਵਾਲੇ ਦੀ ਕਾਬਲਿਅਤ ਦਾ ਵੀ ਪਤਾ ਲਗਦਾ ਹੈ।

**(3) ਰਾਗ ਵਿਚ ਸ਼ਬਦ ਗਾਇਨ :** ਮੰਗਲਾਚਰਣ ਤੋਂ ਬਾਦ ਰਾਗੀ ਸਿੰਘ ਸਮੇਂ ਦੇ ਰਾਗ ਵਿਚ ਕੋਈ ਸ਼ਬਦ ਦੀ ਬੰਦਿਸ਼ ਦਾ ਗਾਇਨ ਕਰਦੇ ਹਨ। ਇਹ ਬੰਦਿਸ਼ ਤਿੰਨਤਾਲ ਇਕਤਾਲ ਜਾਂ ਰੂਪਕ ਆਦਿ ਤਾਲ ਵਿਚ ਜਿਆਦਾ ਸੁਣਨ ਨੂੰ ਮਿਲਦੀ ਹੈ। ਰਾਗੀ ਸਿੰਘ ਜਦੋਂ ਸ਼ਬਦ ਦੇ ਅੰਤਰੇ ਤੋਂ ਬਾਦ ਸਥਾਈ ਤੇ ਆਂਦੇ ਹਨ, ਉਦੋਂ ਜੋੜੀ ਵਾਲਾ ਉਸ ਤਾਲ ਵਿਚ ਇਕ ਜਾਂ ਦੋ ਆਵਰਤਨ ਦੇ ਕੋਈ ਬੋਲ ਜਾਂ ਛੋਟਾ ਜਿਹਾ ਰੇਲਾ ਵਜਾਕੇ ਤਿਹਾਈ ਲਗਾ ਦਿੰਦਾ ਹੈ, ਜਿਸ ਨਾਲ ਰਾਗੀ ਸਿੰਘ ਵਿਚ ਆਪਸ ਵਿਚ ਇਕ ਅਛਾ ਤਾਲਮੇਲ ਬਣ ਜਾਂਦਾ ਹੈ। ਕਈ ਵਾਰੀ ਰਾਗੀ ਸਿੰਘ ਧਰੂਪਦ ਜਾਂ ਧਮਾਰ ਵਿਚ ਵੀ ਸ਼ਬਦ ਗਾਇਨ ਕਰਦੇ ਹਨ ਜਿਸ ਨਾਲ ਜੋੜੀ ਵਾਲਾ ਜੋੜੀ ਤੇ ਖੁਲੇ ਬੋਲਾਂ ਦੇ ਪ੍ਰਯੋਗ ਕਰਕੇ ਚਾਰਤਾਲ, ਧਮਾਰ ਜਾਂ ਸੂਲਤਾਲ ਆਦਿ ਤਾਲਾਂ ਵਜਾਕੇ ਸੰਗਤ ਕਰਦਾ ਹੈ।

ਗੁਰਮਤਿ ਸੰਗੀਤ ਵਿਚ ਗੁਰਬਾਣੀ ਕੀਰਤਨ ਨਾਲ ਜੋੜੀ ਤੇ ਸੰਗੀਤ ਕਰਨ ਦਾ ਢੰਗ ਭਾਰਤੀ ਸੰਗੀਤ ਨਾਲ ਸੰਗਤ ਕਰਨ ਤੋਂ ਵਿਲਖਣ ਹੈ ਗੁਰਬਾਣੀ ਕੀਰਤਨ ਵਿਚ ਤਾਲ ਵਜਾਉਂਦੇ ਸਮੇਂ ਇਹ ਧਿਆਨ ਰਖਣਾ ਪੈਂਦਾ ਹੈ ਕਿ ਸ਼ਬਦ ਦੀ ਨਿਰੰਤਰਤਾ ਵਿਚ ਵਿਘਨ ਨ ਪਵੇ ਅਤੇ ਸਰੋਤੇ ਦੀ ਇਕਾਗਰਤਾ ਭੰਗ ਨਾ ਹੋਵੇ।

**(4)ਪਉੜੀ ਲਗਾਉਣਾ :** ਸ਼ਬਦ ਕੀਰਤਨ ਚੋਂਕੀ ਦੇ ਅੰਤ ਵਿਚ ਸ੍ਰੀ ਗੁਰੂਗੰਥ ਸਾਹਿਬ ਵਿਚ ਦਰਜ ਵਾਂਗ ਵਿਚੋਂ ਸਮੇਂ ਅਨੁਸਾਰ ਸਲੋਕਾਂ ਦਾ ਗਾਇਨ ਕਰਕੇ ਪਉੜੀ ਲਗਾਈ ਜਾਂਦੀ ਹੈ ਜਿਸ ਨਾਲ ਪਉੜੀ ਤਾਲ ਦਾ ਠੇਕਾ ਲਗਾਇਆ ਜਾਂਦਾ ਹੈ। ਪਉੜੀ ਦਾ ਠੇਕਾ ਸਿਰਫ ਗੁਰਮਤਿ ਸੰਗੀਤ ਵਿਚ ਹੀ ਲਗਾਇਆ ਜਾਂਦਾ ਰੁ (ਬਸੰਤ ਵਿਚ ਜਦੋਂ ਰਾਗੀ ਸਿੰਘ ਪਉੜੀ ਦਾ ਗਾਇਨ ਕਰਦੇ ਹਨ ਉਦੋਂ ਪਉੜੀ ਦੇ ਠੇਕੇ ਦੇ ਬੋਲ ਕੁਝ ਅਲਗ ਹੁੰਦੇ ਨੇ ਜਿਸ ਕਰਕੇ ਤਾਲ ਦੀ ਮਹਤਤਾ ਗੁਰਮਤਿ ਸੰਗੀਤ ਵਿਚ ਹੋਰ ਵੀ ਵਧ ਜਾਂਦੀ ਹੈ।

**ਆਸਾ ਦੀ ਵਾਰ ਵਿਚ ਤਾਲ ਦੀ ਮਹੱਤਤਾ**

ਆਸਾ ਦੀ ਵਾਰ ਦੀ ਬਾਣੀ ਜਿਸ ਦਾ ਗਾਇਨ ਲਗਭਗ ਸਾਰੇ ਗੁਰਦੁਆਰਿਆਂ ਵਿਚ ਅੰਮ੍ਰਿਤ ਵੇਲੇ ਕੀਤਾ ਜਾਂਦਾ ਹੈ, ਆਪਣੇ ਆਪ ਵਿਚ ਇਕ ਅਲੱਗ ਪਹਿਚਾਨ ਰਖਦੀ ਹੈ। ਇਸ ਦੇ ਗਾਇਨ ਵਿਚ ਜੇ ਛੰਤ ਗਾਇਆ ਜਾਂਦਾ ਹੈ, ਉਹ ਅਲਗ ਅਲਗ ਤਾਲਾਂ ਵਿਚ ਗਾਇਆ ਜਾਂਦਾ ਹੈ ਜਿਸ ਤਰਾਂ ਇਕਤਾਲ, ਤਿੰਨਤਾਲ, ਰੂਪਕ, ਦਾਦਰਾ ਜਾਂ ਕਹਿਰਵਾ। ਉਸ ਤੋਂ ਬਾਦ ਜਦੋਂ ਸਲੋਕ ਪੜਿਆ ਜਾਂਦਾ ਹੈ ਉਸ ਵਕਤ ਵੀ ਜੋੜੀ ਵਾਲਾ ਪਉੜੀ ਦੇ ਬੋਲਾਂ ਨੂੰਵਿਲੰਬਿਤ ਲੈਅ ਵਿਚ ਵਜਾਂਦਾ ਹੈ, ਅੰਤ ਵਿਚ ਪਉੜੀ ਦਾ ਗਾਇਨ ਕਰਨ ਦਾ ਆਦੇਸ਼ ਟੁੰਡੇ ਅਸਰਾਜੇ ਦੀ ਧੁਨੀ ਤੇ ਗਾਇਨ ਦਾ ਹੈ ਅਤੇ ਨਾਲ ਪਉੜੀ ਤਾਲ ਦਾ ਠੇਕਾ ਵਜਾਇਆ ਜਾਂਦਾ ਹੈ। ਇਸ ਤਰ੍ਹਾਂ ਦੀਆਂ ਤਾਲਾਂ ਦਾ ਵਾਦਨ ਭਾਰਤੀ ਜਾਂ ਦੱਖਣੀ ਸੰਗੀਤ ਵਿਚ ਸੁਣਨ ਨੂੰਨਹੀਂ ਮਿਲਦਾ।

**ਪੜਤਾਲ ਗਾਇਨ ਵਿਚ ਤਾਲ ਦਾ ਮਹੱਤਵ**

ਗੁਰਮਤਿ ਸੰਗੀਤ ਵਿਚ ਪੜਤਾਲ ਗਾਇਨ ਦੀ ਇਕ ਨਿਵੇਕਲੀ ਪਰੰਪਰਾ ਹੈ। ਇਸ ਦੇ ਅੰਤਰੇ ਅਲੱਗ ਅਲੱਗ ਤਾਲਾਂ ਵਿਚ ਗਾਏ ਜਾਂਦੇ ਹਨ, ਪਰ ਸਥਾਈ ਦੀ ਤਾਲ ਇਕ ਹੀ ਰਹਿੰਦੀ ਹੈ (ਹਰ ਵਾਰੀ ਅੰਤਰਾ ਗਾਉਣ ਤੋਂ ਬਾਦ ਤਿਹਾਈ ਲਗਾ ਕੇ ਫਿਰ ਸਥਾਈ ਨੂੰਸਥਾਈ ਅਗਰ ਦੀ ਹੀ ਤਾਲ ਵਿਚ ਗਾਇਆ ਜਾਂਦਾ ਹੈ। ਜਿਸ ਤਰ੍ਹਾਂ ਸਕਾਈ ਤਿੰਨਤਾਲ ਵਿਚ ਹੈ ਤਾਂ ਹਰ ਵਾਰੀ ਪੜਤਾਲ ਦੇ ਅੰਤਰੇ ਅਲਗ ਅਲਗ ਤਾਲਾਂ ਵਿਚ ਗਾ ਕੇ ਸਥਾਈ ਨੂੰਤਿੰਨਤਾਲ ਵਿਚ ਹੀ ਗਾਇਆ ਜਾਏਗਾ। ਪੜਤਾਲ ਵਿਚ ਘਟੋ ਘੱਟ 5 ਅਲਗ ਮਾਤਰਾਂ ਦੀਆਂ ਤਾਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਪੜਤਾਲ ਗਾਇਨ ਸ਼ੈਲੀ ਅਤੇ ਇਸ ਨਾਲ ਅਲਗ੍ਅਲਗ ਤਾਲਾਂ ਦਾ ਵਾਦਨ ਅਪਣੇ ਆਪ ਵਿਚ ਇਕ ਗੁਰਮਤਿ ਸੰਗੀਤ ਦਾ ਨਿਰਾਲਾਪਨ ਹੈ, ਜੋ ਕਿ ਭਾਰਤੀ ਸ਼ਾਸਤਰੀ ਸੰਗੀਤ ਪਰੰਪਰਾ ਵਿਚ ਸੁਣਨ ਨੂੰਨਹੀਂ ਮਿਲਦਾ।

ਇਸ ਤਰ੍ਹਾਂ ਗੁਰਮਤਿ ਸੰਗੀਤ ਵਿਚ ਹੋਰ ਵੀ ਕਈ ਗਾਇਨ ਸ਼ੈਲੀਆਂ ਹਨ ਜਿਸ ਵਿਚ ਲਾਵਾਂ, ਘੋੜੀਆਂ, ਅਲਾਹੁਣੀਆਂ ਅਤੇ ਧੁਰਪਦ ਗਾਇਨ ਕੀਤਾ ਜਾਂਦਾ ਹੈ (ਇਨ੍ਹਾਂ ਅਲਗ ਅਲਗ ਸ਼ੈਲੀਆਂ ਨਾਲ ਅਲਗ ਅਲਗ ਤਾਲਾਂ ਦਾ ਵਾਦਨ ਕਰਨ ਦਾ ਅਲਗ ਅਲਗ ਵਿਧਾਨ ਹੈ) ਜਿਸ ਤਰਾਂ ਲਾਵਾਂ ਨਾਲ ਰੂਪਕ ਤਾਲ ਦਾ ਪ੍ਰਯੋਗ ਕੀਤਾ ਜਾਂਦਾ ਹੈ, ਘੋੜੀਆਂ ਵੀ ਜਿਆਦਾਤਰ ਰੂਪਕ ਤਾਲ ਵਿਚ ਗਾਈ ਜਾਂਦੀਆਂ ਹਨ (ਅਲਾਹੁਣੀਆਂ) ਦਾ ਕੀਰਤਨ ਸੂਲਫਾਖ਼ਤਾ ਤਾਲ ਵਿਚ ਕੀਤਾ ਜਾਂਦਾ ਹੈ।

ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਗੁਰਮਤਿ ਸੰਗੀਤ ਵਿਚ ਜੋ ਅਲਗ ਅਲਗ ਗਾਇਨ ਸ਼ੈਲੀਆਂ ਹਨ ਉਨ੍ਹਾਂ ਨਾਲ ਅਲੱਗ ਅਲੱਗ ਤਾਲਾਂ ਦਾ ਪ੍ਰਯੋਗ ਕਰਕੇ ਗੁਰਬਾਣੀ ਕੀਰਤਨ ਇਕ ਆਪਣੀ ਅਲੱਗ ਪਹਿਚਾਨ ਰੱਖਦਾ ਹੈ। ਗੁਰਮਤਿ ਸੰਗੀਤ ਵਿਚ ਜਿਆਦਾਤਰ ਹੇਠ ਲਿਖਿਆਂ ਤਾਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਪਉੜੀ ਤਾਲ, ਸੂਲਫਾਖ਼ਤਾ, ਦਾਦਰਾ, ਰੂਪਕ, ਕਹਿਰਵਾ, ਮਤਤਾਲ, ਅੜਪਤਾਲ, ਰੁਦਰਤਾਲ, ਇਕਤਾਲ, ਦੀਪਚੰਦੀ, ਆੜਾਚਾਰਤਾਲ, ਝਮਰਾ, ਫਰੋਦਸਤੁ, ਪਚੰਮ ਸਵਾਰੀ, ਤਿੰਨਤਾਲ ਅਤੇ ਪੰਜਾਬੀ ਠੇਕਾ

**Bibliography**


1. ਗਰਮਤਿ ਸੰਗੀਤ : ਪ੍ਰਬੰਧ ਤੇ ਪ੍ਰਸਾਰ, ਡਾ. ਗੁਰਨਾਮ ਸਿੰਘ
2. ਕੀਰਤਨ ਸੰਦਰਭ ਤੇ ਸਰੂਪ, ਡਾ. ਦਵਿੰਦਰ ਸਿੰਘ ਵਿਦਿਆਰਥੀ
3. ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ, ਪ੍ਰੋ ਤਾਰਾ ਸਿੰਘ
4. ਵਾਦਨ ਸਾਗਰ (ਭਾਗ ਪਹਿਲਾ), ਕਵੰਰ ਮ੍ਰਿਗੇਦਰ ਸਿੰਘ
5. ਗੁਰੂਰਾਮਦਾਸ ਰਾਗਰਤਨਾਵਲੀ, ਪ੍ਰੋ ਤਾਰਾ ਸਿੰਘ


**ਤਬਲਾ ਵਾਦਕ (ਰਿਟਾਇਡ), ਸੰਗੀਤ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।**

# THE EMINENCE OF VOICE CULTURE

**Dr. Sarabjeet Singh**

Voice culture is a way to modify the voice in a better manner and enriching it. It involves training of voice to sing or speak in a particular desired way. It creates awareness to use vocal fold appropriately, ways to breathe while singing, tackling the notes of any pitch and good handling of a microphone etc. The fault in voice is mostly caused by incorrect breathing. A person's voice becomes hoarse and comes under strain due to misuse of vocal modules and disables a person from using his voice correctly. In order to prevent voice related problems one should strictly follow the right techniques. Voice Culture involves Traditional and Scientific Methods to improve the quality of the voice.

It can also be said that Voice culture is another type of vocal training which focuses on projection of voice, using your whole body as a musical instrument, making correct use of our diaphragm, voice modulation techniques, and much more. It would be right to say that voice culture is a stepping stone to train the voice. There are certain scientific methods of voice culture that include the traditional methods also to culture the voice. A vocal musician has to exercise his vocal chords to bring them under the command of the musical impulses of the brain. Such exercises undertaken to make the vocal chord music worthy are known in musical parlance as Saadhna. Voice culture is extremely important for all budding vocalists, from beginners to advanced practitioners. The challenges faced by beginners may vary from those faced by an advanced student. Voice Culture is based on - Anatomy, Physiology, Psychology and different branches in Acoustics and Yoga.

***Physiology*** is about how the voice works. A vocalist should know the basics of Physiology of Voice. Then he can control and expand the voice according to the Musical form or singing style.

***Anatomy*** is the parts of voice or voice box. A professional singer should know these Basic Anatomy of the voice, because this is the first step in understanding how to care and maintain the voice throughout one's professional career.

***Physics*** - Harmonies- It decides the quality of the voice and Timbre- How the voice box works.

***Psychology***- Next important thing is the mental fitness of a performer, because when the mental status of a —Vocalist‖ will be sound then he can give the best performance. Many disorders of voice and failure of successful performance are due to psychological reasons. One has to condition the mind to get rid of all negative aspects of mind.

***Yoga*** - Indian music is always associated with Pranayam and Yoga. Proper yoga

techniques can be used as remedies for voice disorders. All yoga techniques should be adopted under able guidance of an expert. Today —Yoga is a very important and essential part of voice. It covers the Breathing techniques and different breathing exercises very efficiently .Without proper breathing no one can sing long Aalap and Taan in Indian Classical Music and Yoga‖ is very helpful for this. Yoga is a solution to all these problems together, as it works on the body and the mind together.

***Music-*** Voice Culture for Singers is based on Music only. Every research and Voice training is to present Good Music and for this all the Vocalists should know the proper use of Voice.

Voice Culture was a topic of debate in the past. The argument was that the voice, with all its characteristics is something one is born with and it's a gift of god. A voice cannot be cultivated. But today as we know that an effective and impressive voice is a must for singers to succeed. To succeed, a vocalist has to know the voice related important things and Voice Culture covers all the aspect in this area.

That's why Voice Culture is becoming very important for a singer, one interesting thing is that it is helpful in other professionals also like Public Speaker, Actor, Teacher whoever related with impressive voice. In Western music, there is no vocal music training without voice training. They are completely integrated. Among good musicians, voice training is integral to music training within the perimeter of the style. A classical singer or a aspiring music student, playback singer, service to music schools and programs, theatrical, film and recording producers, professional voice users, teachers of singing and all those interested in the voice, All of them can be benefited by attending Voice Culture seminar where the voice expert are providing training and techniques to relax, strengthen and develop the voice. The human voice is not limited and that everyone can have a beautiful, expressive voice, no matter what previous experience may have been. Everyone can train his or her voice to be flexible, powerful and persuasive, full vocal expression leads to deeper personal fulfillment. Voice can be achieved only by practice or Saadhana. Because the most flexible voice comes only by practice. One must always practice under the guidance of a guru keeping in mind all the flaws that can prevent you from imperfect singing and other mistakes usually caused during practice. The vocalist should practice every day throughout his life time. “Practice Makes Perfect” is perfectly matching with the art of Voice Culture.

That's why we say- **GURU BINA GATI NAHI.**

**Lecturer in music (v) , Govt. Aarohi Model Sr. Sec School, Agroha (Hisar) Ph : 9729605376**


## ਜ਼ਰੂਰੀ ਬੇਨਤੀ

ਜੇ ਇਹ ਮੈਗਜ਼ੀਨ ਆਪ ਨੂੰ ਚੰਗਾ ਲਗਦਾ ਹੈ ਤਾਂ ਮਾਇਕ ਸਹਾਇਤਾ ਭੇਜੋ ਜੀ। ਜੇ ਚੰਗਾ ਨਹੀਂ ਲਗਦਾ ਤਾਂ ਸਾਨੂੰ ਸੂਚਿਤ ਕਰੋ ਤਾਂ ਜੋ ਤੁਹਾਨੂੰ ਇਹ ਮੈਗਜ਼ੀਨ ਭੇਜਣਾ ਬੰਦ ਕਰ ਦਿੱਤਾ ਜਾਵੇ ਜੀ।

- ਸੰਪਾਦਕ : 09814053630

# धर्म और संगीत

भारतीय संगीत की अध्यात्मिक पृश्ठ-भूमि सदियों के इतिहास में छुपी हुई है क्योंकि भारतीय धर्मों के इतिहास में अपने ईश्ट की साधना हित साधक सदियों से अपनी-अपनी संप्रदानुसार कार्य-ील रहे हैं। इनकी आध्यात्मिक साधना और साधना के विभिन्न प्रकारों ने यहां की ललित कलाओं पर गहरा प्रभाव डाला है, क्योंकि इन कलाओं के गहन अध्ययन व व्याख्या और साधना में धर्म की मूल प्रवृति पाई जाती है। संगीत की उत्पत्ति सम्बन्धी मूल रूप में संगीत को दैवी सृजना माना गया है। सम्बन्धी अनेकों मत प्रचलित है, परन्तु सभी धार्मिक समुदाय में संगीत की उत्पत्ति को अपने साथ जोड़ लिया है। जिस तरह -िव जी के हाथ में डमरू, सरस्वती जी के हाथ में वीणा, विश्णु भगवान के हाथ में :ंख, श्री कृश्ण जी के हाथ में बांसुरी और नारद जी के हाथ में एकतारा साज वर्णनयोग है।

वेदों के संगीत को उत्तम और भारतीय संगीत का मूल माना जाता है। वैदिक काल की संगीत परम्परा में सामवेद ग्रंथ के मंत्रों का गायन :ुरू में अदात, उदात, स्वरित तीन सुरों में किया जाता था। इन तीन सुरों के बाद सम्पूर्ण सप्तक होंद में आया और यह बात ताल और लय के बारे में भी इसी प्रकार कही जा सकती है। जैसे कि प्राचीन काल से ही भारतीय संगीत में साजों का मुख्य स्थान रहा है। मनुश्य ने जब बोलना सीखा तो उस की सभ्यता के साथ-साथ संगीत का रूप भी उस के सामने आ गया। भले ही वह किसी भी रूप में था। सबसे पहले गायन की संगत के लिए साजों का प्रयोग करते थे। विद्वानों का विचार है कि मनुश्य ने सब से पहले जमीन में गडा खोदा, उस के बाद उस के बाद उसके ऊपर किसी जानवर के खोल को चढ़ाया और उसके ऊपर किसी ठोस वस्तु से हमला किया तथा चोट मारी, जिस से तरंगे पैदा हुई और साज यन्त्र की उत्पत्ति हुई। रामायण, महाभारत, काल और भारतीय संगीत के विभिन्न ग्रन्थों में हमें अनेक प्रकार के साजों की जानकारी मिलती है। जैसे वैदिक काल में दुंदुभी, मृदंग, डिमडिम, ढोल, नगाडा, भेरी आदि साजों का उल्लेख हमें मिलता है। गुरू नानक देव जी द्वारा रबाब, गुरू अमरदास जी और अर्जुन देव जी द्वारा सारंदा, गुरू हरगोविन्द जी द्वारा ताऊस, इसराज और गुरू गोविन्द सिंह जी द्वारा दिलरूबा, तंबुरा साजों का कीरतन से प्रचार और प्रसार मिलता है।

भारतीय संगीत साज अनेक प्रकार के होते है। परन्तु इन के निर्माण के लिए तांबा, लकड़ी, मिटटी, लोहा और पीतल आदि अनेक ही धातुओं का प्रयोग करना पड़ता है। इन साजों की चार श्रेणियां है :- तत् वाद्य, सुशिर वाद्य, अवनद्ध वाद्य व घन वाद्य। तत् वाद्य वह है जिस में तार को उंगलियों से बजाया जाता है। जैसे वीणा, सितार, सरोद और तंबूरा। वितत्, साज वह है जो गज की सहायता से बजते है। जिसमें दिलरूबा, इसराज, बेला, ताऊस आदि आते हैं। सुशिर वाद्य वह है जिनका निर्माण लोहा, लकड़ी, तांबे, पीतल आदि धातुओं से किया जाता है। इनमें हारमोनियम, बांसुरी, :ाहनाई, बीन आदि साज आते हैं। और अवनद्ध वाद्य वह वाद्य है, जिनमें चमड़ा मढ़ा हुआ होता है और उस पर चोट करने से ध्वनि पैदा होती है। यह साज ज्यादातर ताल बजाने के काम आते हैं। इनमें मृदंग, ढोलक, तबला, नगाड़ा आदि वाद्य आते हैं और चौथे प्रकार का वाद्य घन वाद्य है। जिसमें आवाज की उत्पत्ती लकड़ी के यंत्र से की जाती है। यह आपसी स्प-र्ा से बजते हैं। जिसमें मंजीरा, खड़ताल, जलतरंग वाद्य आते है।

संगीत में मूल आधार साज के रूप में तानपूरे का प्रयोग किया जाता है। यह तंतीसाज जिसमें सप्तक के समूह स्वर सहायक स्वर प्राप्त होते हैं। इसको स्वरों की :ुद्धता का प्रतीक माना जाता है। इसी आधार पर भिन्न-भिन्न तंती साज विकसित हुऐ हैं। भारतीय संगीत की प्राचीन वादन परम्परा वाद्यों पर ही आधारित है। प्राचीन समय में समूह वाद्यों को वीणा के नाम से पुकारा जाता था। उदाहरण में करकरी, वीणा, बाण वीणा, गोधा वीणा आदि। यहां तक के मनुश्य :ारीर को भी गायत्री वीणा कहा जाता है। तंतीसाजों में तन्द और तार का प्रयोग किया जाता है। भारतीय संगीत के स्वर क्यों जो एक स्थान पर सदा स्थिर नहीं होते। भाव के एक ही स्वर के अलग-अलग रागों और परम्पराओं में भिन्न रूप उपलब्ध होते हैं। उदाहरण ऋशभ का स्थान चाहे सप्तक में नि-िचत है पर भैरव, तोड़ी, मारवा, श्री आदि रागों के लिए इस का प्रयोग भिन्न भिन्न विधियों द्वारा किया जाता है। स्वर के इन विभिन्न रूपों की प्राप्ति तंतीसाजों द्वारा सम्भव है। यह भारतीय संगीत की विलक्षणता है और मौलिकता भी है।

संगीत के साजों के बारे में प्राचीन मध्यकालीन और आधुनिक निरिक्षण बड़ा जरूरी था। क्योंकि आदिकाल से ही मनुश्य अपने रोटी कपड़ा और मनोरंजन के लिए कोई न कोई सहारा ढूंढता रहा है। इस प्रकार भारतीय साजों की पुरातन मध्यकालीन और आधुनिक वादन विधि में परिवर्तन आता रहा और साजों का आकार भी बदलता आया है। गायन, वादन और नृत्यकला के बदलाव में भी साजों की महत्वपूर्ण भूमिका है। साजों का वर्गीकरण, महत्व साजों के उपकरणों में अनेकों तबदीलीयों के कारण भी साजों के नए वर्गीकरण की जरूरत 20वीं सदी का एक महत्वपूर्ण कार्य है।

MUSIC THERAPIST, (GOVT. OF HARYANA), 537- L, MODEL TOWN, KARNAL, 09813845537

Postal Regd. No. CH/0045/2015-2017 RNI Regd. No. 46788/89

